# ਗੂੰਗੀ ਰੁੱਤ ਦੀ ਪੀੜ

ਰਾਜਿੰਦਰ ਪਰਦੇਸੀ






## ਰਾਜਿੰਦਰ ਪਰਦੇਸੀ

ਪੰਜਾਬੀ ਗ਼ਜ਼ਲ ਦਾ ਰਿਵਾਜ ਕੁਝ ਵਧੇਰੇ ਹੀ ਹੋ ਗਿਆ ਹੈ ਪਰ ਕਈਆਂ ਲੋਕਾਂ ਦੀਆਂ ਗ਼ਜ਼ਲਾਂ ਵਿਚ ਤਾਂ ਸ਼ਿਅਰ ਫ਼ੌਜੀਆਂ ਵਾਂਗ ਪਰੇਡ ਕਰ ਰਹੇ ਪ੍ਰਤੀਤ ਹੁੰਦੇ ਹਨ ਤੇ ਕਈਆਂ ਦੀਆਂ ਗ਼ਜ਼ਲਾਂ ਵਿਚ ਵਿਸ਼ੇ ਦੀ ਅਮੀਰੀ ਤਾਂ ਹੈ ਪਰ ਛੰਦ-ਪ੍ਰਬੰਧ ਦੀ ਤੰਗਦਸਤੀ ਹੈ।

ਰਾਜਿੰਦਰ ਪਰਦੇਸੀ ਦੀਆਂ ਗ਼ਜ਼ਲਾਂ, ਵਿਚ ਨਾ ਛੰਦ ਪ੍ਰਬੰਧ ਦੀ ਤੰਗਦਸਤੀ ਹੈ ਅਤੇ ਨਾ ਹੀ ਵਿਸ਼ੇ ਪ੍ਰਤੀ ਦਰਾਜ਼ਦਸਤੀ।

ਉਸਦੀਆਂ ਗ਼ਜ਼ਲਾਂ, ਵਿਚ ਰੂਪ-ਤੇ ਵਿਸ਼ੇ ਦੀ ਹਮਆਹੰਗੀ ਹੈ। ਆਪਣੀ ਢਾਣੀ ਦੇ ਕਵੀਆਂ ਵਿਚੋਂ ਉਹ ਸਿਰਮੌਰ ਤੇ ਪਰੌਢ ਸ਼ਾਇਰ ਹੈ।

ਜਗਤਾਰ (ਡਾ.)

unistarbooks.com
UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: 0172-5077427, 5077428, 5089761
Ludhiana : Punjabi Bhawan • 98154 71219

ISBN 81-7142-470-8
9788171424702
Rs. 300/-

ਗੂੰਗੀ ਰੁੱਤ ਦੀ ਪੀੜ

ਰਾਜਿੰਦਰ ਪਰਦੇਸੀ

# ਗੂੰਗੀ ਰੁੱਤ ਦੀ ਪੀੜ

ਰਾਜਿੰਦਰ ਪਰਦੇਸੀ

## ਗੂੰਗੀ ਰੁੱਤ ਦੀ ਪੀੜ

**GOONGI RUTT DI PEED**

By

**RAJINDER PARDESI**
35-B, Dashmesh Nagar,
P.O. Dakoha,
Jalandhar (Pb.) INDIA

Tel. : +91-93576-41552 (M)
+91-181-3250653 (R)
*+33 643710273 (WhatsApp)*
*e mail manchanda-arts@live.fr*

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਮੁੱਲ : *Rs.300*

ਪੰਨੇ : *240*

First Edition : February, 2008
Title & Artwork : Tajinder Manchanda
Publication : *Lokgeet parkashan*
*S.C.O.26-27, Sector 34 A,*
*Chandigarh-160022*
*INDIA*
: *ph.0172-5077427,5077428*
*,00919815000873,*
*00919815471219*

ਆਪਣੇ ਗ਼ਜ਼ਲਾਂ ਵਰਗੇ ਬੱਚਿਆਂ

# ਤੇਜੀ, ਰੱਘੂ, ਗਾਵੀ

ਦੇ ਨਾਮ

## ਲੇਖਕ ਦੀਆਂ ਹੋਰ ਰਚਨਾਵਾਂ

| | |
|---|---|
| ਅੱਖਰ ਅੱਖਰ ਤਨਹਾਈ | (ਗ਼ਜ਼ਲ ਸੰਗ੍ਰਹਿ) |
| ਨਗਮਾ ਉਦਾਸ ਹੈ | (ਕਾਵਿ ਸੰਗ੍ਰਹਿ) |
| ਉਦਰੇਵੇਂ ਦੀ ਬੁੱਕਲ | (ਕਾਵਿ ਸੰਗ੍ਰਹਿ) |

# ਨਵੀਆਂ ਰਦੀਫ਼ਾਂ ਦਾ ਸਿਰਜਕ-ਪਰਦੇਸੀ

ਮੋਗੇ ਦੇ ਇਕ ਕਾਲਜ ਵਿਚ ਆਯੋਜਿਤ ਇਕ ਸਾਹਿੱਤਕ ਸਮਾਗਮ ਦੀ ਸਮਾਪਤੀ ਪਿੱਛੋਂ ਮੈਂ ਹਾਲ ਤੋਂ ਬਾਹਰ ਨਿਕਲਿਆ ਤਾਂ ਰਿਕਸ਼ਾ ਵਿਚ ਬੈਠੇ ਇਕ ਮੁੱਛ ਫੁੱਟ ਗੱਭਰੂ ਨੇ ਮੈਨੂੰ ਹਾਕ ਮਾਰੀ। "ਪ੍ਰਿੰਸੀਪਲ ਸਾਹਿਬ ਬਸ ਅੱਡੇ ਜਾਣਾ ਹੈ ਤਾਂ ਏਧਰ ਮੇਰੇ ਨਾਲ ਬਹਿ ਜਾਉ।" ਆਖਰੀ ਬਸ ਦਾ ਟਾਇਮ ਖੁੰਝ ਜਾਣ ਕਾਰਣ ਮੈਨੂੰ ਮਜਬੂਰਨ ਉਸ ਰਾਤ ਪਰਦੇਸੀ ਦੇ ਘਰ ਟਿਕਣਾ ਪਿਆ। ਅਗਲੀ ਭਲਕ ਮੈਂ ਇਹੋ ਪ੍ਰਭਾਵ ਲੈ ਕੇ ਘਰ ਪਰਤਿਆ ਕਿ ਪਰਦੇਸੀ ਦੀ ਪਰਾਹੁਣਚਾਰੀ ਦਾ ਕੋਈ ਜਵਾਬ ਨਹੀਂ। ਕੀ ਪਤਾ ਸੀ ਉਸ ਦੀ ਗਜ਼ਲ ਕਿਸੇ ਦਿਨ ਹਰ ਗ਼ਜ਼ਲ-ਪ੍ਰੇਮੀ ਦੇ ਘਰ ਦੀ ਪਰਾਹੁਣੀ ਬਣੇਗੀ ?

ਰਾਜਿੰਦਰ ਪਰਦੇਸੀ ਕਿਵੇਂ, ਕਿਉਂ ਤੇ ਕਦ ਮੇਰਾ ਸ਼ਾਗਿਰਦ ਬਣਿਆ, ਇਹ ਵਿਵਰਣ ਮੁੱਖ ਬੰਧ ਦੇ ਮੂਲ ਵਿਸ਼ੇ ਨਾਲ ਮੇਲ ਜੋ ਨਹੀਂ ਖਾਂਦਾ, ਫੇਰ ਵਿਸ਼ੇ ਤੋਂ ਲਾਂਭੇ ਜਾਣ ਦੀ ਅਵੱਗਿਆ ਦਾ ਭਾਗੀ ਕਿਉਂ ਬਣਾਂ ?

ਰਾਜਿੰਦਰ ਪਰਦੇਸੀ ਦੀ ਗ਼ਜ਼ਲ ਦੇ ਕਈ ਅਜਿਹੇ ਸ਼ਿਅਰ ਵੀ ਹਨ ਜੋ ਉਸ ਦੀ ਸਿਰਜਨਾਤਮਕ ਕਰੜੀ ਸਾਧਨਾਂ ਤੇ ਤੀਖਣ ਇਕਾਗਰ ਬਿਰਤੀ ਦੇ ਲਖਾਇਕ ਹਨ। ਜੀਵਨ ਦੇ ਉਤਰਾ-ਚੜ੍ਹਾ ਦੁਆਰਾ ਉਸ ਨੂੰ ਜਿਹੜਾ ਵੀ ਖਟਮਿੱਠਾ ਦੇ ਕੌੜਾ ਕਸੈਲਾ ਅਨੁਭਵ ਪ੍ਰਾਪਤ ਹੁੰਦਾ ਹੈ, ਸ਼ਿਅਰਾਂ ਵਿਚ ਉਸ ਦੀ ਅਭਿਵਿਅਕਤੀ ਮੈਨੂੰ ਕਿਧਰੇ ਵੀ ਧੁਆਂਖੀ ਹੋਈ ਪਰਛਾਈਂ ਵਿਚ ਬਦਲੀ ਨਜ਼ਰੀਂ ਨਹੀਂ ਪਈ। ਪਾਠਕ ਦੇ ਮਨ ਤੇ ਉਸ ਦੀ ਗ਼ਜ਼ਲ ਦਾ ਜਿਹੜਾ ਸਹਿਜ-ਸੁਭਾਵਿਕ ਪ੍ਰਭਾਵ ਪੈਂਦਾ ਹੈ ਉਸ ਵਿਚੋਂ ਉਸ ਦੇ ਅੰਤਿਹਕਰਣ ਦੀ ਸੁਗੰਧ ਆਪ ਮੁਹਾਰੇ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਉਹ ਆਪਣਾ ਮਨ ਫਰੋਲਦਾ ਹੈ ਤਾਂ ਟਿਕਾਣੇ ਸਿਰ ਅਤੇ ਜੇ ਲੂੰ-ਲੂੰ ਵਿਚ ਵਿਆਪਣ ਵਾਲੀ ਤੀਖਣਤਾ ਨੂੰ ਉਘਾੜਦਾ ਹੈ ਤਾਂ ਡੰਕੇ ਦੀ ਚੋਟ ਨਾਲ। ਉਪਰੋਕਤ ਕਥਨ ਦੀ ਪੁਸ਼ਟੀ ਲਈ ਦੋ ਸ਼ਿਅਰ ਹਾਜ਼ਰ ਹਨ :-

***ਪਏ ਰਹਿੰਦੇ ਹਾਂ ਹੁਣ ਤਾਂ ਰਾਤ ਭਰ ਸੋਚਾਂ 'ਚ 'ਪਰਦੇਸੀ,***
***ਜਦੋਂ ਬਾਤਾਂ ਸੁਣਾਉਂਦੇ ਸਾਂ ਜ਼ਮਾਨਾ ਹੋਰ ਹੁੰਦਾ ਸੀ।***

***ਹਰ ਰਾਤ ਆਪਣੀ ਹੁਣ ਰੌਸ਼ਨ ਕਰਾਂਗੇ ਆਪੇ,***
***ਸਾਨੂੰ ਤਾਂ ਖਾ ਗਏ ਨੇ ਇਹ ਚੰਦ, ਇਹ ਸਿਤਾਰੇ।***

ਉਪਰੋਕਤ ਸ਼ਿਅਰਾਂ ਤੋਂ ਪ੍ਰਤੱਖ ਹੈ ਕਿ ਪਰਦੇਸੀ ਗ਼ਜ਼ਲ ਦਾ ਤਾਣਾ ਪੇਟਾ ਉਣਦਾ ਹੈ ਤਾਂ ਵਿਪੱਖਤਾ ਦੇ ਅਧਾਰ ਤੇ ਸਥਾਪਿਤ ਰਿਸ਼ਤਿਆਂ ਦੁਆਰਾ। ਇਸ ਦਾ ਇਹ ਭਾਵ ਨਹੀਂ ਕਿ ਉਹ ਵਸਤਾਂ ਵਿਚਕਾਰਲੇ ਸਮਾਨਤਾ ਦੇ ਆਧਾਰ ਤੇ ਉਸਰੇ ਸੰਬੰਧਾਂ ਤੋਂ ਉੱਕਾ ਹੀ ਅਵੇਸਲਾ ਹੈ, ਉਸ ਨੇ ਕਈ ਸ਼ਿਅਰਾਂ ਵਿਚ ਆਪਣੇ ਮਹਿਬੂਬ ਦੇ ਵੱਖ-ਵੱਖ ਅੰਗਾਂ ਨੂੰ ਕੁਦਰਤ ਦੇ ਵੱਖ-ਵੱਖ ਚਮਤਕਾਰਾਂ ਨਾਲ ਉਪਮਾ ਦਿੱਤੀ ਹੋਏਗੀ ਪਰ ਸੱਚਾਈ ਇਹ ਹੈ ਕਿ ਹਰ ਘਟਨਾ ਦਾ ਵਰਣਨ ਦੂਹਰੇ ਵਿਅਕਤਿਤਵ ਦੇ ਚੌਖਟੇ ਵਿਚ ਸੂਤ ਬਿਠਾਉਣ ਦੀ ਉਸ ਦੀ ਰੁਚੀ ਵਧੇਰੇ ਪ੍ਰਬਲ ਹੈ। ਉਦਾਹਰਣ ਵੱਜੋਂ ਉਹ ਨਿਮਨਲਿਖਿਤ ਸ਼ਿਅਰ ਵਿਚ ਆਪਣੀ



ਲਾਡਲੀ ਪ੍ਰੇਮਿਕਾ ਦੀਆਂ ਬਾਹਾਂ ਨੂੰ ਬਲੌਰ ਵਰਗੇ ਪਾਰਦਰਸ਼ਕ ਪਦਾਰਥ ਨਾਲ ਤਾਂ ਤਸ਼ਬੀਹ ਅਵੱਸ਼ ਦੇਂਦਾ ਹੈ ਪਰ ਉਸ ਦਾ ਮਾਨਸਿਕ ਵਹਾਉ ਅਸਮਾਨਤਾ ਦੇ ਵਿਪਰੀਤ ਸਿੱਟੇ ਵੱਲ ਹੀ ਰੁੜ੍ਹ ਕੇ ਸਾਹ ਲੈਂਦਾ ਹੈ। ਹੇਠਲੇ ਸ਼ਿਅਰ ਵਿਚ ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ ਹੈ ?

***ਝੱਟ ਕੁ ਪਾ ਕੇ ਹਾਰ ਬਲੌਰੀ ਬਾਹਾਂ ਦਾ।***
***ਗਲ ਮੇਰੇ ਸੰਗਲ ਪਾ ਦਿੱਤਾ ਆਹਾਂ ਦਾ।***

ਪਰਦੇਸੀ ਦੀ ਗ਼ਜ਼ਲ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਕਿਸੇ ਪਾਰਟੀ ਦਾ ਖੁਸ਼ਕ ਮੈਨੀਫੈਸਟੋ ਬਣਨੋਂ ਇਨਕਾਰੀ ਹੈ, ਹਾਲਾਂ ਕਿ ਉਸਦੇ ਬਹੁਤੇ ਸ਼ਿਅਰਾਂ ਵਿਚ ਅਧੋਗਤੀ ਦੀ ਡੂੰਘੀ ਖੱਡ ਵਿਚ ਡਿੱਗੇ ਸਮਾਜ ਪ੍ਰਤੀ ਉਸ ਦੇ ਮਨ ਦੀ ਪੀੜ ਨਿੱਕੇ ਨਿੱਕੇ ਹਟਕੋਰੇ ਭਰਦੀ ਸਾਫ ਪ੍ਰਤੀਤ ਹੁੰਦੀ ਹੈ। ਉਸ ਦਾ ਵਾਤਵਰਣ ਅਣਸੁਖਾਵਾਂ ਵੀ ਹੈ, ਉਹ ਇਸ ਵਿਰੋਧੀ ਵਾਤਾਵਰਣ ਨਾਲ ਟੱਕਰ ਲੈਣ ਦੀ ਸਥਿਤੀ ਵਿਚ ਵੀ ਪ੍ਰਵੇਸ਼ ਕਰਦਾ ਹੈ ਪਰ ਮਜਾਲ ਹੈ ਉਹ ਆਪਣੇ ਕੌੜੇ ਅਨੁਭਵ ਨੂੰ ਕਿਸੇ ਪਾਰਟੀ ਦੇ ਪ੍ਰਚਾਰਕ ਵਾਂਗ ਕਿਸੇ ਪ੍ਰਕਾਰ ਦੀ ਰਾਜਨੀਤਕ ਰੰਗਣ ਚੜ੍ਹਨ ਦੇਵੇ ਜਾਂ ਇਸ ਦੇ ਫੋਕੇ ਨਾਅਰਿਆਂ ਲਈ ਆਪਣੀ ਗ਼ਜ਼ਲ ਤੋਂ ਲਾਊਡ ਸਪੀਕਰ ਦਾ ਕੰਮ ਲੈਣ ਲੱਗ ਪਵੇ। ਇਸ ਦਾ ਇਹ ਮਤਲਬ ਵੀ ਨਹੀਂ ਕਿ ਜੇ ਉਹ ਆਪਣੀ ਗ਼ਜ਼ਲ ਨਾਲ ਕੋਈ ਰਾਜਨੀਤਿਕ ਮੰਤਵ ਚਿਪਕਾ ਕੇ ਕਿਸੇ ਵਿਸ਼ੇਸ਼ ਸਿਆਸੀ ਦ੍ਰਿਸ਼ਟੀ-ਕੋਣ ਨੂੰ ਮੂਰਤੀਮਾਨ ਕਰਨ ਲਈ ਇਕ ਹਥਿਆਰ ਵਜੋਂ ਨਹੀਂ ਵਰਤਦਾ ਤਾਂ ਉਹ ਕੇਵਲ 'ਕਲਾ, ਕਲਾ ਲਈ' ਦੇ ਸਿਧਾਂਤ ਦਾ ਪੱਖ-ਸਮਰਪਨ ਕਰਦਾ ਹੈ। ਸੱਚ ਤਾਂ ਇਹ ਹੈ ਕਿ ਉਸ ਦੀ ਗ਼ਜ਼ਲ ਉਸ ਦੇ ਅੰਤਰੀਵ ਦਾ ਹੀ ਪ੍ਰਗਟਾਉ ਹੈ। ਉਸ ਦੀ ਗ਼ਜ਼ਲ ਵਿਚ ਉਸ ਦੇ ਨਵੇਕਲੇ ਵਿਅਕਤਿਤਵ ਦੇ ਅਣ-ਗਿਣਤ ਪੱਖਾਂ ਤੋਂ ਛੁੱਟ ਉਸ ਦੇ ਸਮੇਂ ਦੇ ਸਾਰੇ ਰਾਜਨੀਤਿਕ ਅਤੇ ਸਮਾਜਿਕ ਪਰਿਵਰਤਨ ਤੇ ਉਸ ਦੇ ਸਮੁੱਚੇ ਨਸਲੀ ਸਰਮਾਏ ਦੇ ਬੇਸ਼ੁਮਾਰ ਪਹਿਲੂ ਇਕ ਵਿਸ਼ੇਸ਼ ਸਿਰਜਨਾਤਮਕ ਪ੍ਰਕ੍ਰਿਆ ਥਾਣੀ ਲੰਘ ਕੇ ਆਪਣੇ ਆਪ ਸੰਮਿਲਤ ਹੁੰਦੇ ਗਏ ਹਨ। ਉਸ ਦੀ ਸਿਰਜਨਾ ਦੀ ਯਾਤਰਾ ਇਕੋ ਸਮੇਂ ਦੋ ਦਿਸ਼ਾਵਾਂ ਵੱਲ ਜਾਰੀ ਹੈ। ਇਕ ਦਿਸ਼ਾ ਤਾਂ ਉਸ ਦੇ ਭਾਵਨਾਤਮਕ ਸੰਘਰਸ਼ ਅਤੇ ਮਾਨਸਿਕ ਤਜਰਬਿਆਂ ਨੂੰ ਪ੍ਰਤਿਬਿੰਬਿਤ ਕਰਦੀ ਹੈ ਤੇ ਦੂਜੀ ਆਪਣੀ ਪ੍ਰੇਮਿਕਾ ਨਾਲ ਉਸ ਦੇ ਸੰਬੰਧਾਂ ਦੀ ਪਲ ਪਲ ਬਦਲਦੀ ਸਥਿਤੀ ਨੂੰ ਉਘਾੜਦੀ ਹੈ। ਇਹਨਾਂ ਦੋਵੇਂ ਦਿਸ਼ਾਵਾਂ ਤੇ ਪੰਛੀ-ਝਾਤ ਪਾਇਆ ਸਾਫ ਪਤਾ ਚਲਦਾ ਹੈ ਕਿ ਪਰਦੇਸੀ ਦੀ ਸ਼ੈਲੀ ਸੰਕੇਤਕ ਤੇ ਪ੍ਰਤੀਕਾਤਮਕ ਹੈ, ਨਿਰਜਿੰਦ ਵਸਤਾਂ ਨੂੰ ਪ੍ਰਾਨਧਾਰੀ ਬਣਾ ਦੇਣ ਦੀ ਉਸਨੂੰ ਪੂਰੀ ਜਾਚ ਹੈ। ਅੰਤਰ ਝਾਤ ਨੂੰ ਨਵੀਂ ਤੇ ਨਰੋਈ ਬਿੰਬਾਵਲੀ ਰਾਹੀਂ ਵਿਅਕਤ ਕਰਨ ਦਾ ਉਸ ਕੋਲ ਗੁਣਕਾਰੀ ਨੁਸਖ਼ਾ ਹੈ। ਪਾਠਕ ਨੂੰ ਉਤਸੁਕਤਾ ਵਿਚ ਰੱਖਣ ਦੀ ਉਸ ਵਿਚ ਪੂਰੀ ਯੋਗਤਾ ਹੈ। ਪ੍ਰਕਿਰਤੀ ਦੇ ਹਰ ਵਰਤਾਰੇ ਦਾ ਸੁਭਾਅ ਬਦਲਣ ਦੀ ਉਸ ਵਿਚ ਸੁਚੱਜਤਾ ਹੈ। ਨਾ-ਪਸੰਦ ਪਰਿਸਥਿਤਾਂ ਤੇ ਵਿਅੰਗ ਦੀ ਕਰਾਰੀ ਸੱਟ ਮਾਰਨ ਦੀ ਉਸ ਕੋਲ ਭਰਪੂਰ ਸ਼ਕਤੀ ਹੈ। ਕੁਝ ਕੁ ਟੂਕਾਂ ਪੇਸ਼ ਕਰਨ ਦੀ ਖੁੱਲ੍ਹ ਲੈ ਰਿਹਾ ਹਾਂ :-

***ਮੁਹੱਬਤ ਦੀ ਗ਼ਜ਼ਲ ਪੜ੍ਹ-ਪੜ੍ਹ, ਵਤਨ ਦੇ ਗੀਤ ਗਾ ਗਾ ਕੇ,***
***ਯਕੀਨਨ ਅੰਤ ਨੂੰ ਖੂਹਾਂ 'ਚ ਡੁਬ ਕੇ ਮਰਨਗੇ ਸ਼ਾਇਰ।*** ***(ਆਹ ਨੰਦ ਲਾਲ ਨੂਰਪੁਰੀ)***

***ਇਹ ਸ਼ਾਇਰ ਨੇ, ਇਹ ਦਿੱਲੀ ਵਰਗਿਆਂ ਤਖ਼ਤਾਂ ਤੋਂ ਉੱਚੇ ਨੇ,***

*ਦਿਲਾਂ ਦੇ ਤਖ਼ਤ ਜਿੱਤਣਗੇ, ਹਕੂਮਤ ਹਰਨਗੇ ਸ਼ਾਇਰ।* *(ਬਹਾਦਰ ਸ਼ਾਹ ਜ਼ਫਰ, ਜ਼ਿੰਦਾਬਾਦ)*

*ਜਦ ਹਵਾ ਜਾਵੇ ਬਦਲ ਰੁੱਤਾਂ ਦੇ ਨਾਲ,*
*ਕਿਉਂ ਫਿਰੇਂ ਫਿਰ ਰੋਜ਼ ਮਹਿਕਾਂ ਭਾਲਦਾ ?* *(ਤੋਤਾ ਚਸ਼ਮਾਂ ਦਾ ਕੀ ਕਰੀਏ)*

*ਕਚ ਦੇ ਵਾਂਗੂ ਸਾਨੂੰ ਤੋੜ ਖਿਲਾਰ ਗਿਓਂ,*
*ਫਿਰ ਤੇਰੇ ਪੈਰਾਂ ਦੀ ਕੀਕਣ ਖ਼ੈਰ ਰਹੇ ?* *(ਵੇਖ ਲਿਆ ਸੁਆਦ)*

ਪਰਦੇਸੀ ਦੀ ਕਾਵਿ ਪ੍ਰਤਿਭਾ ਨੇ ਇਕ ਹੋਰ ਕਰਾਮਾਤ ਕਰਕੇ ਵੀ ਗ਼ਜ਼ਲ-ਪ੍ਰੇਮੀਆਂ ਨੂੰ ਕੀਲ ਕੇ ਰੱਖ ਦਿੱਤਾ ਹੈ। ਉਹ ਚਮਤਕਾਰ ਇਹੋ ਹੈ ਕਿ ਪਰਦੇਸੀ "ਨਵੀਆਂ ਰਦੀਫ਼ਾਂ ਦਾ ਸਿਰਜਕ" ਹੈ। ਗ਼ਜ਼ਲ ਵਿਚ ਰਦੀਫ਼ਾਂ ਕਿੰਨਾ ਮਹੱਤਵਪੂਰਣ ਰੋਲ ਨਿਭਾਉਂਦੀਆਂ ਹਨ, ਕੀ ਇਸ ਬਾਰੇ ਕਿਸੇ ਸੰਦੇਹ ਦੀ ਗੁੰਜਾਇਸ਼ ਹੈ ? ਰਦੀਫ਼ ਜਿੱਥੇ ਕਾਫ਼ੀਏ ਦੇ ਸਾਜ਼ ਨੂੰ ਸੁਰ ਤੇ ਸ਼ਿਅਰ ਦੀ ਸੰਗੀਤਾਤਮਕ ਵਿਚ ਅੰਤਾਂ ਦਾ ਵਾਧਾ ਕਰਦੀ ਹੈ, ਉਥੇ ਇਹ ਕਲਪਨਾ ਲਈ ਨਵੇਂ ਨਰੋਏ ਖੰਭ ਹੋ ਨਿੱਬੜਦੀ ਹੈ। ਰਦੀਫ਼ ਹੀ ਤਾਂ ਨਾਦਮਈ ਅਰਥਾਂ ਦੀ ਜਾਦੂਨਗਰੀ ਹੁੰਦੀ ਹੈ ਜਿਸ ਵਿਚ ਅਪੜ ਕੇ ਕਹਿੰਦਾ ਕਹਾਉਂਦਾ ਕਾਫ਼ੀਆ ਵੀ ਸੰਮੋਹਿਤ (Hypnotise) ਹੋ ਕੇ ਰਹਿ ਜਾਂਦਾ ਹੈ।

ਗਜ਼ਲ ਦੇ ਰੂਪ ਦੀਆਂ ਜੜ੍ਹਾਂ ਪਰੰਪਰਾ ਦੀ ਧਰਤੀ ਵਿਚ ਹਨ ਪਰ ਧਰਤੀ ਤੋਂ ਬਾਹਰ ਇਸ ਬੂਟੇ ਨੂੰ ਪੂਰਣ-ਭਾਂਤ ਫਲਣ-ਫੁੱਲਣ ਤੇ ਮੌਲਣ ਦੀ ਖੁੱਲ੍ਹ ਹੈ। ਇਸੇ ਲਈ ਪਰਦੇਸੀ ਰੂਪ ਦੀ ਥਾਂ ਗ਼ਜ਼ਲ ਦੇ ਅਰਥਾਂ ਪ੍ਰਤੀ ਵਧੇਰੇ ਸੁਚੇਤ ਹੈ। ਉਸ ਨੇ ਨਵੇਂ-ਨਵੇਂ ਕਾਫ਼ੀਆ ਰਦੀਫ਼ ਦੇ ਸਹਾਰੇ ਵਿਸ਼ੇ ਵਸਤੂ ਤੇ ਚਿੰਤਨ ਦੇ ਮਹਿਲ ਉਸਾਰੇ ਹਨ। ਪਰਦੇਸੀ ਦੀ ਗ਼ਜ਼ਲ ਸਪਸ਼ਟ ਹੁੰਦੀ ਵੀ ਸੰਕੇਤ ਤੇ ਪ੍ਰਤੀਕਾਂ ਦੀ ਚਿਲਮਿਨ ਪਿਛਾੜੀਓਂ ਕੁਝ ਇਉਂ ਝਾਕਦੀ ਹੈ ਕਿ "ਸਾਫ਼ ਛੁਪਤੀ ਭੀ ਨਹੀਂ, ਸਾਮਨੇ ਆਤੀ ਭੀ ਨਹੀਂ।" ਪਰਦੇਸੀ ਦੀ ਗ਼ਜ਼ਲ ਪਾਠਕ ਨੂੰ ਪ੍ਰਭਾਵਿਤ ਵੀ ਕਰਦੀ ਹੈ ਤੇ ਪ੍ਰਸੰਨ ਵੀ। ਇਸ ਵਿਚ ਭਾਵਾਂ ਦੀ ਤੀਬਰਤਾ, ਕਲਾਤਮਕ ਪ੍ਰਪੱਕਤਾ-ਮਾਤ-ਬੋਲੀ ਦੀ ਪਵਿੱਤਰਤਾ ਤੇ ਨਵੇਕਲੀ ਸ਼ੈਲੀ ਦਾ ਆਕਰਸ਼ਣ ਹੈ। ਇਸ ਵਿਚ ਪੰਜਾਬੀ ਸਭਿਆਚਾਰ ਹੈ, ਪ੍ਰੇਮੀ ਤੇ ਪ੍ਰੇਮਿਕਾ ਵਿਚਕਾਰਲੀਆਂ ਵਿੱਥਾਂ ਦੀ ਸ਼ਹਿ ਤੇ ਵਜਦੀਆਂ ਸਿਰਜਾਤਮਕ ਟਪੂਸੀਆਂ ਹਨ, ਸਮਾਜੀ ਸਮੱਸਿਆਵਾਂ ਦਾ ਕਲਾਤਮਕ ਰੂਪਾਂਤਰਣ ਹੈ। ਵਿਅੰਗ ਦੀ ਚਾਸ ਹੈ, ਧਰਤੀ ਮਾਂ ਦਾ ਮੋਹ ਹੈ, ਆਧੁਨਿਕਤਾ ਦੀ ਹਲਕੀ-ਹਲਕੀ ਪੁੱਠ ਹੈ, ਨਵੀਨ ਕਵਿਤਾ ਦੀ ਝਲਕ ਹੈ, ਯਾਦਾਂ ਦੀ ਮਿਠਾਸ ਤੇ ਕੁੜੱਤਨ ਦਾ ਰਲਵਾਂ ਮਿਲਵਾਂ ਪ੍ਰਭਾਵ ਹੈ, ਵਿਸ਼ਵ-ਵਿਆਪੀ ਪੀੜ ਹੈ, ਅੰਤਰੀਵੀ ਸੁਪਨਿਆਂ ਦੀ ਜਾਗੋ ਮੀਟੀ ਵਾਲੀ ਕਵਿਤਾ ਹੈ, ਜ਼ਮਾਨੇ ਦੀ ਹਵਾ ਦਾ ਰੁੱਖ ਹੈ, ਮੁਸਕਾਨਾਂ ਵਿਚੋਂ ਤੁਪਕਾ ਤੁਪਕਾ ਕਰਕੇ ਨੁੱਚੜਦੇ ਜ਼ਹਿਰ ਹਨ, ਨਰਵਸ ਭੈ ਵਿਚ ਗ੍ਰਸਤ ਜ਼ਿੰਦਗੀ ਦੀ ਕੁਰਲਾਹਟ ਹੈ, ਟੁੱਟ ਭੱਜ ਦੀ ਪ੍ਰੀਕ੍ਰਿਆ ਦੀ ਆਂਤਰਿਕ ਵੇਦਨਾ ਹੈ ਆਪੇ ਦਾ ਨਰਗਸੀ ਰੂਪ ਵੀ ਹੈ, ਸੁਹਜਾਤਮਕ ਵੀ ਤੇ ਕਰੁਣਾਮਈ ਵੀ, ਨੀਰਸਤਾ ਤੇ ਹੁੰਮਸ ਦੀ ਕੋਝੀ ਝਾਕੀ ਹੈ ਤੇ ਅਜੇ ਬਾਕੀ ਹੋਰ ਕਿੰਨਾ ਕੁਝ ਹੈ, ਇਸ ਦੀ ਭਾਲ ਮੈਂ ਪਾਠਕਾਂ ਤੇ ਛੱਡਦਾ ਹਾਂ। ਆਮੀਨ!

'ਅੱਖਰ ਅੱਖਰ ਤਨਹਾਈ' ਵਿੱਚੋਂ *(ਪ੍ਰਿੰ. ਤਖ਼ਤ ਸਿੰਘ)*

*11-9-85*



# ਕਾਵਿ-ਸ਼ਾਸਤਰ ਪੱਖੋਂ ਸੁਚੇਤ ਗ਼ਜ਼ਲ-ਗੋ—ਪਰਦੇਸੀ

ਪੰਜਾਬੀ ਗ਼ਜ਼ਲ ਗੋ ਸ਼ਾਇਰਾਂ ਦੀ ਲੰਮੀ ਕਤਾਰ ਵਿਚੋਂ ਵਜ਼ਨ ਬਹਿਰ ਵਿਚ ਸਫ਼ਲ ਸ਼ਾਇਰ ਥੋੜ੍ਹੇ ਹੀ ਹਨ। ਰਾਜਿੰਦਰ ਪਰਦੇਸੀ ਉਹਨਾਂ ਵਿਚੋਂ ਇਕ ਹੈ।

ਮੈਂ ਰਾਜਿੰਦਰ ਪਰਦੇਸੀ ਨੂੰ ਪਿਛਲੇ ਕੁਝ ਸਾਲਾਂ ਤੋਂ ਜਾਣਦਾ ਹਾਂ। ਇਸ ਜਾਣ-ਪਛਾਣ ਦਾ ਆਧਾਰ ਉਸ ਦੀਆਂ ਗ਼ਜ਼ਲਾਂ ਹਨ, ਤੇ ਫਿਰ ਜਾਣ-ਪਛਾਣ ਦਾ ਪੱਕੀ ਪੀਡੀ ਦੋਸਤੀ ਵਿਚ ਬਦਲਣ ਦਾ ਸਿਹਰਾ ਵੀ ਉਸ ਦੀਆਂ ਗ਼ਜ਼ਲਾਂ ਦੇ ਸਿਰ ਬੱਝਦਾ ਹੈ।

ਰਾਜਿੰਦਰ ਪਰਦੇਸੀ ਸਿਰਫ਼ ਗ਼ਜ਼ਲ ਦਾ ਸ਼ਾਇਰ ਹੀ ਨਹੀਂ ਬਹੁਤ ਅੱਛਾ ਗੀਤਕਾਰ ਵੀ ਹੈ। ਮੈਂ ਉਸ ਦੇ ਲਿਖੇ ਹੋਏ ਗੀਤ ਪੜ੍ਹੇ ਹਨ ਅਤੇ ਪੰਜਾਬ ਦੇ ਵਧੀਆ ਗਾਇਕ ਅਤੇ ਗਾਇਕਾਵਾਂ ਦੀ ਆਵਾਜ਼ ਵਿਚ ਰਿਕਾਰਡ ਹੋਏ ਸੁਣੇ ਵੀ ਹਨ। ਉਸਦੇ ਗੀਤ ਪੜ੍ਹਨ ਸੁਨਣ ਤੋਂ ਬਾਅਦ ਇਹ ਫੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਉਹ ਵਧੀਆ ਗ਼ਜ਼ਲਗੋ ਹੈ ਜਾਂ ਵਧੀਆ ਗੀਤਕਾਰ। ਵਜ਼ਨ ਬਹਿਰ ਦੇ ਨਾਲ-ਨਾਲ ਉਹ ਅਰੂਜ਼ (ਕਾਵਿ ਸ਼ਾਸਤਰ) ਦੀਆਂ ਹੋਰ ਗੱਲਾਂ ਵੱਲੋਂ ਪੂਰੀ ਤਰ੍ਹਾਂ ਸੁਚੇਤ ਹੈ। ਉਸਦੇ ਸ਼ੇਅਰਾਂ ਵਿਚ ਗ਼ਜ਼ਲ ਦੇ ਨਾਲ-ਨਾਲ ਜਿੱਦਤ ਵੀ ਹੈ ਤੇ ਇਹ ਜਿੱਦਤ, 'ਜਿੱਦਤ ਬਰਾਏ ਜਿੱਦਤ' ਨਹੀਂ ਸਗੋਂ ਸ਼ੇਅਰ ਦੀ ਲੋੜ ਹੋ ਨਿਬੜਦੀ ਹੈ। ਜਿਵੇਂ :—

***ਮਹਿਕਾਂ ਵਿਚ ਘੁਲ ਮਿਲ ਜਾਣੋਂ ਉਹ ਜਦ ਹੋਏ ਨਾਕਾਮ।***
***ਫੁੱਲਾਂ ਦੇ ਸਿਰ ਖ਼ੁਦਗਰਜ਼ੀ ਦਾ ਮੜ੍ਹ ਦਿੱਤਾ ਇਲਜ਼ਾਮ।***

ਤੇ ਇਹੀ ਤਕਨੀਕ ਰਾਜਿੰਦਰ ਪਰਦੇਸੀ ਦੀ ਕਾਮਯਾਬੀ ਵਿਚ ਸਹਾਈ ਹੁੰਦੀ ਦਿਸਦੀ ਹੈ।

ਗ਼ਜ਼ਲ ਦੀ ਸਿਨਫ਼ ਨੂੰ ਧੁਰ ਹੇਠਲੀਆਂ ਤੈਹਾਂ ਤੱਕ ਫਰੋਲਣ ਵਾਲੇ ਉਸਤਾਦ ਸ਼ਾਇਰਾਂ ਨੇ ਚੰਗੇ ਸ਼ੇਅਰਾਂ ਬਾਰੇ, ਹੋਰਨਾਂ ਗੱਲਾਂ ਤੋਂ ਇਲਾਵਾ, ਇਹ ਗੱਲ ਵੀ ਆਖ਼ੀ ਹੈ ਕਿ ਸ਼ੇਅਰ ਨੂੰ ਸਹੀ ਸ਼ਕਲ ਦੇਣ ਵਿਚ ਖ਼ਿਆਲ, ਭਾਸ਼ਾ, ਲਫ਼ਜ਼ਾਂ ਦੀ ਨਸ਼ਿਸਤ ਦੇ ਨਾਲ-ਨਾਲ ਮਿਸਰਾ ਊਲਾ ਵਿਚ ਭੁਲੇਖਾ ਜਿਹਾ (Suspence) ਹੋਣਾ ਚਾਹੀਦਾ ਹੈ ਤੇ ਜਦੋਂ ਮਿਸਰਾ ਸਾਨੀ ਆਵੇ ਤਾਂ ਸ਼ੇਅਰ ਪੜ੍ਹਨ ਸੁਨਣ ਵਾਲਾ ਆਪ ਮੁਹਾਰਾ ਵਾਹ-ਵਾਹ ਕਹਿ ਉੱਠੇ। ਇਸ ਸੰਬੰਧੀ ਰਾਜਿੰਦਰ ਪਰਦੇਸੀ ਦਾ ਇਹ ਸ਼ੇਅਰ ਵੇਖੋ :—

***ਕਿੱਕਰ ਪਹਾੜੀ ਭੱਖੜੇ ਥੋਹਰਾਂ ਤੇ ਪੋਹਲੀਆਂ,***
***ਸੌਦਾ ਰਿਹਾ ਹਾਂ ਦੇਖ ਲੈ ਕਿਸ ਕਿਸ ਦੇ ਨਾਲ ਮੈਂ।***

ਰਾਜਿੰਦਰ ਪਰਦੇਸੀ ਨੂੰ ਗ਼ਜ਼ਲ ਦੀ ਜ਼ੁਬਾਨ ਵਿਚ ਗੱਲ ਕਰਨੀ ਆਉਂਦੀ ਹੈ। ਉਸ ਦਾ ਹੇਠਲੇ ਸ਼ੇਅਰ ਇਸ ਗੱਲ ਦੀ ਸ਼ਾਹਦੀ ਭਰਦੇ ਹਨ।

*ਤੇਰੇ ਨਗਰ 'ਚ ਭਾਵੇਂ ਬੰਦਿਸ਼ ਹੈ ਰੌਸ਼ਨੀ ਤੇ,*
*ਆਪਾਂ ਤਲੀ ਤੇ ਫਿਰ ਵੀ ਸੂਰਜ ਟਿਕਾ ਰਹੇ ਹਾਂ।*

*ਇਵੇਂ ਹੀ ਦਰਦ ਤੋਂ ਹਰ ਜ਼ਖ਼ਮ ਦਾ ਕੁਝ ਫਾਸਲਾ ਰੱਖੋ,*
*ਮੁਸਲਸਲ ਦਰਦ ਹੋਵੇ ਜ਼ਖ਼ਮ ਵਿਚ ਵੀ ਨਾ ਹਰਾ ਲੱਗੇ।*

ਲਿਖਣ ਤੋਂ ਪਹਿਲਾਂ ਉਹ ਵਜ਼ੂ ਕਰਦਾ ਹੈ ਜਿਵੇਂ ਨਮਾਜ਼ ਅਦਾ ਕਰਨ ਤੋਂ ਪਹਿਲਾਂ ਨਮਾਜ਼ੀ ਲੋਕ ਕਰਦੇ ਹਨ।

ਰਾਜਿੰਦਰ ਪਰਦੇਸੀ ਅਪਨੇ ਲੋੜੀਂਦੇ ਵਿਸ਼ੇ ਨੂੰ ਲਿਖਣ ਲੱਗਿਆਂ, ਆਪਣੇ ਪੂਰੇ ਵਜੂਦ ਨੂੰ ਆਪਣੀ ਆਤਮਾ ਨਾਲ ਇਕ ਸੁਰ ਕਰਕੇ ਲੋੜੀਂਦਾ ਮਾਹੌਲ ਸਿਰਜ ਲੈਣ ਦੀ ਸਮਰੱਥਾ ਰੱਖਦਾ ਹੈ ਤੇ ਇਹ ਹੀ ਇਸ ਦੀ ਕਾਮਯਾਬੀ ਦਾ ਇਕ ਪਹਿਲੂ ਹੈ।

'ਉਦਰੇਵੇਂ ਦੀ ਬੁੱਕਲ' ਵਿੱਚੋਂ


***'ਸਰਦਾਰ ਪੰਛੀ'***
'ਨਸ਼ੇਮਨ'
ਪੰਜਾਬ ਮਾਤਾ ਨਗਰ,
ਲੁਧਿਆਣਾ - 141002




# ਦਿਲ ਦੀਆਂ ਡੂੰਘਾਈਆਂ ਤਕ ਲਹਿ ਜਾਣ ਵਾਲਾ ਗ਼ਜ਼ਲਗੋ-ਪਰਦੇਸੀ

ਰਾਜਿੰਦਰ ਪਰਦੇਸੀ ਦਿਲ ਦੀਆਂ ਧੁਰ ਡੂੰਘਾਈਆਂ ਤਕ ਲਹਿ ਜਾਣ ਵਾਲਾ ਗ਼ਜ਼ਲਗੋ ਹੈ। ਜਿਸਦੇ ਸ਼ਬਦਾ ਦੀ ਚਿਤਰਕਾਰੀ ਮੋਰਾਂ ਵਾਂਗ ਪੈਲਾਂ ਪਾਉਂਦੀ ਮਨ ਨੂੰ ਇਕ ਅਜਬ ਜਿਹੀ ਸੁਗੰਧੀ ਬਖਸ਼ਦੀ ਹੈ। ਉਸਦੇ ਸ਼ਬਦਾਂ ਦੀ ਇਹ ਚਿਤਰਕਾਰੀ ਪਾਠਕ ਮੂਹਰੇ ਇਕ ਤਸਵੀਰ ਸਾਕਾਰ ਕਰ ਦਿੰਦੀ ਹੈ।

ਜਦ ਮੈ ਏਸ ਕਲਮ ਦੀ ਨਜ਼ਾਕਤ ਨੂੰ ਦੇਖਦੀ ਹਾਂ ਤਾਂ 'ਗ਼ਜ਼ਲ' ਦੀਆਂ ਸਭੇ ਖ਼ੂਬੀਆਂ ਮੈਨੂੰ ਏਸ ਵਿੱਚੋਂ ਨਜ਼ਰ ਆਉਂਦੀਆਂ ਹਨ। 'ਗ਼ਜ਼ਲ' ਜਿਸ ਵਿਚ ਪ੍ਰੀਤਮ ਤੋਂ ਵਿਛੋੜੇ ਦਾ ਅਹਿਸਾਸ ਲਬੋ-ਲਬ ਭਰਿਆ ਹੁੰਦਾ ਹੈ ਜੋ ਕਿ ਪੰਜਾਬੀ ਭਾਸ਼ਾ ਵਿਚ ਬਹੁਤ ਮੁਸ਼ਕਿਲ ਨਾਲ ਪਕੜ ਵਿਚ ਆਉਂਦੀ ਹੈ ਤਾਂ ਵੀ ਰਾਜਿੰਦਰ ਪਰਦੇਸੀ ਦੀ ਕਲਮ ਮੈਨੂੰ ਕਿਸੇ ਪੱਖੋਂ ਵੀ ਘੱਟ ਨਜ਼ਰ ਨਹੀਂ ਆਉਂਦੀ। ਜਿਵੇਂ-

*ਹਾਦਸਿਆਂ ਦੀ ਭੀੜ ਸੀ ਇਕ ਇਕੱਲੀ ਜਾਨ।*
*ਵਿੰਹਦੇ ਵਿੰਹਦੇ ਬਣ ਗਏ ਦਰਦਾਂ ਦੇ ਸੁਲਤਾਨ।*

*ਪੰਛੀ ਆਏ ਉੜ ਗਏ ਚੁਗ ਚੁਗ ਅਪਣਾ ਚੋਗ,*
*ਸੁੰਨ-ਮਸੁੰਨੀ ਰੂਹ ਫਿਰ, ਫਿਰ ਜਿੰਦ ਬੀਆਬਾਨ।*

*ਕਾਲੇ ਬੱਦਲ ਫੇਰ ਅਜ ਘੇਰ ਲਿਆਈ ਪੌਣ,*
*ਤੇਰੇ ਚਿਹਰੇ ਵਾਂਗ ਹੀ ਛੁਪ ਗਿਆ ਅਸਮਾਨ।*

*ਯਾਦਾਂ ਦਾ ਤੰਦੂਰ ਜਦ ਤਪ ਕੇ ਹੋਇਆ ਲਾਲ,*
*ਸੇਕੇ ਸਾਰੀ ਰਾਤ ਹੀ ਠਰ ਚੁਕੇ ਅਰਮਾਨ।*

ਇਉਂ ਮੈਂ ਦੇਖਦੀ ਹਾਂ ਕਿ ਰਜਿੰਦਰ ਪਰਦੇਸੀ ਦੀ ਕਲਮ ਆਪਣੇ ਆਪ ਵਿਚ ਚਾਹੇ ਗੀਤ ਲਿਖੇ ਚਾਹੇ ਗ਼ਜ਼ਲ। ਪਾਠਕ ਦੀ ਧੜਕਣ ਦਾ ਸਾਜ ਓਸਦੇ ਨਾਲ-ਨਾਲ ਤੁਰਦਾ ਆਪਣਾ ਆਪਾ ਭੁਲ ਜਾਂਦਾ ਹੈ।

ਗ਼ਜ਼ਲ ਲਿਖਣ ਲਈ ਮੇਰੇ ਖਿਆਲ ਵਿਚ ਉਰਦੂ ਤੇ ਫਾਰਸੀ ਦੇ ਲਫ਼ਜ਼ ਬੇ-ਹੱਦ ਮੁਨਾਸਿਬ ਹਨ। ਏਨਾ ਦੋਹਾਂ ਭਾਸ਼ਾਵਾਂ ਦੀ ਨਜ਼ਾਕਤ ਪੰਜਾਬੀ ਸ਼ਬਦਾਂ ਦੀ ਨਜ਼ਾਕਤ ਨਾਲੋ' ਬਿਲਕੁਲ ਵਖਰੀ ਅਤੇ ਭਿੰਨ ਹੈ। ਪਰ ਜੇਕਰ ਅਸੀਂ ਸਾਧੂ ਸਿੰਘ ਹਮਦਰਦ, ਚਾਨਣ ਗੋਬਿੰਦਪੁਰੀ ਆਦਿ ਗ਼ਜ਼ਲ ਗੋਆਂ ਦੀਆਂ ਰਚਨਾਵਾਂ ਨੂੰ ਏਸ ਪੱਖੋਂ ਘੋਖੀਏ ਤਾਂ ਪੰਜਾਬੀ ਵਿਚ ਵੀ ਗ਼ਜ਼ਲ ਕਹੀ ਗਈ ਹੈ ਤੇ ਕਹੀ ਜਾ ਰਹੀ ਹੈ। ਏਸ ਸੱਚ ਨਾਲ ਸਾਨੂੰ ਸਹਿਮਤ ਹੋਣਾ ਹੀ ਪਵੇਗਾ ਕਿ ਅੱਜ ਸੁਰਜੀਤ ਪਾਤਰ ਤੇ ਰਾਜਿੰਦਰ ਪਰਦੇਸੀ ਦੀਆਂ ਰਚਨਾਵਾਂ ਵੀ

ਏਸ ਪੱਖੋਂ ਬਹੁਤ ਅਮੀਰ ਦੇਣ ਹਨ ਪੰਜਾਬੀ ਸਾਹਿਤ ਨੂੰ।

ਮੈਂ ਬੜੇ ਦ੍ਰਿੜ ਨਿਸ਼ਚੇ ਨਾਲ ਇਹ ਗੱਲ ਆਖ ਰਹੀ ਹਾਂ ਕਿ ਕਵਿਤਾ, ਗੀਤ ਜਾਂ ਫੇਰ ਗ਼ਜ਼ਲ ਲਿਖਣੀ ਸਿਖਣ ਲਈ ਸਾਡੇ ਕੋਲ ਕੋਈ ਐਸੀਆਂ ਸਿੱਖਿਆ ਸੰਸਥਾਵਾਂ ਨਹੀਂ ਹਨ ਜਿੱਥੇ ਜਾ ਕੇ ਇਹ ਸਭ ਬਾਕੀ ਡਿਗਰੀਆਂ ਲੈਣ ਵਾਂਗ ਸਿਖਿਆ ਜਾ ਸਕੇ ਜਾਂ ਕਿਸੇ ਟਰੇਨਿੰਗ ਸੈਂਟਰ ਵਿਚ ਜਾਇਆ ਜਾਵੇ। ਇਹ ਸਭ ਬੰਦੇ ਦੇ ਆਪਣੇ ਹੀ ਅੰਦਰਲੀ ਇਕ ਪਿਆਸ ਹੈ। ਅੰਦਰਲੀ ਇਕ ਚੀਸ ਹੈ, ਜਿਸ ਨੂੰ ਘੱਟ ਕਰਨ ਲਈ ਲੇਖਕ ਦੇ ਹੱਥ ਵਿਚ ਕਲਮ ਰੂਪੀ ਇਹ ਹਥਿਆਰ ਆ ਜਾਂਦਾ ਹੈ।

ਕੀ ਵਾਰਤਾਕਾਰ ਤੇ ਕੀ ਨਾਵਲਕਾਰ ਸਾਰੇ ਹੀ ਕਲਮ ਰਾਹੀਂ ਸਿਰਜਣਾ ਕਰਕੇ ਆਪਣੇ-ਆਪੇ ਦੇ ਕਿਸੇ ਨਾ ਕਿਸੇ 'ਭਾਰ' ਨੂੰ ਅੰਦਰੋਂ ਹੌਲਾ ਕਰਨ ਦਾ ਜਤਨ ਕਰਦੇ ਹਨ।

ਮੈਂ ਸਮਝਦੀ ਹਾਂ ਕਿ ਕਹਾਣੀ, ਕਵਿਤਾ, ਨਿਬੰਧ ਆਦਿ ਸਾਰੇ ਹੀ ਸਾਹਿਤਕ ਰੂਪਾਂ ਵਿੱਚੋਂ 'ਗ਼ਜ਼ਲ' ਲਿਖਣਾ ਸਭ ਤੋਂ ਔਖਾ ਕਾਰਜ ਹੈ। ਏਸ ਔਖੇ ਕਾਰਜ ਨੂੰ ਰਾਜਿੰਦਰ ਪਰਦੇਸੀ ਦੀ ਕਲਮ ਨੇ ਹਰ ਪੱਖੋਂ ਬੜੀ ਖ਼ੂਬੀ ਨਾਲ ਨਿਭਾਇਆ ਹੈ।

ਗ਼ਜ਼ਲ ਵਿਚਲੀਆਂ ਸ਼ਬਦ ਛੋਹਾਂ, ਲਗਾਂ, ਮਾਤਰਾਵਾਂ ਜ਼ੁਬਾਨ ਤੇ ਏਸ ਵਿਚਲੀ ਕੋਸ਼ਲਤਾ ਨੂੰ ਕਾਇਮ ਰਖਣਾ ਕੋਈ ਸੌਖਾ ਕੰਮ ਨਹੀਂ ਹੈ।

ਇਹ ਕੰਮ ਮੈਨੂੰ ਓਸ ਸੋਹਣੀ ਮੁਟਿਆਰ ਦੇ ਨੈਣਾਂ ਵਿਚ ਕਜਲਾ ਪਾਉਣ ਵਾਲੀ ਧਾਰ ਲਗਦੀ ਹੈ ਜਿਸ ਦੇ 'ਨੈਣ' ਪਹਿਲਾ ਹੀ ਬੇ-ਹਦ ਖ਼ੁਬਸੂਰਤ ਹੁੰਦੇ ਹਨ। ਗ਼ਜ਼ਲ ਵਿਚ ਭਾਸ਼ਾ ਦੀ ਜਿਸ ਖ਼ੁਬਸੂਰਤੀ ਨੂੰ ਰਾਜਿੰਦਰ ਪਰਦੇਸੀ ਨੇ ਆਪਣੀ ਕਲਮ ਛੋਹ ਨਾਲ ਚਿਤਰਿਆ ਹੈ ਉਸ ਦੀ ਇਕ ਉਦਾਹਰਣ ਮੈਂ ਏਥੇ ਜ਼ਰੂਰ ਦੇਣਾ ਚਾਹਾਂਗੀ -

***ਮੱਥੇ ਵਿਚ ਡੰਗ ਲਾਉਣਗੇ ਇਹ ਕਦ ਤਕ ਉਡਣੇ ਸੱਪ,***
***ਦਸਦੇ ਮੌਲਾ ਮੇਰਿਆ, ਦਸਦੇ ਪਰਵਦਗਾਰ।***

***ਐਨਾ ਕੁ ਨਿੱਘ ਸੀ ਬਸ ਏਦਾਂ ਦਾ ਪਿਆਰ ਸੀ।***
***ਰੁੱਤਾਂ ਦਾ ਹਾਦਸਾ ਜਿਉਂ ਮੌਸਮ ਬਿਮਾਰ ਸੀ।***

***ਤਪਦੇ ਥਲਾਂ ਦੀ ਰੇਤ 'ਤੇ ਪਿਆਸਾਂ ਹੀ ਬਖਸ਼ੀਆਂ,***
***ਯਾ ਰੱਬ ਅਸਾਂ ਦੇ ਵਾਸਤੇ ਨਾ ਆਬਸ਼ਾਰ ਸੀ।***

ਰਾਜਿੰਦਰ ਪਰਦੇਸੀ ਦੀ ਕਲਮ ਵਿੱਚੋਂ ਜਨਮ ਲੈਂਦੀ ਗ਼ਜ਼ਲ ਇਸ ਪੀੜੀ ਦੀਆਂ ਕਲਮਾਂ ਵਿਚ ਸਿਰਮੌਰ ਦਿਖਾਈ ਦਿੰਦੀ ਹੈ।

***ਬਚਿੰਤ ਕੌਰ***
12/20, East Patel Nager
New Delhi -1100068



# ਪੰਜਾਬੀ ਜ਼ੁਬਾਨ ਦਾ ਪਰਪੱਕ ਸ਼ਾਇਰ—ਰਾਜਿੰਦਰ ਪਰਦੇਸੀ

ਰਾਜਿੰਦਰ ਪਰਦੇਸੀ ਪੰਜਾਬੀ ਜ਼ਬਾਨ ਦਾ ਬੜਾ ਪਰੱਪਕ ਸ਼ਾਇਰ ਹੈ। ਉਸਨੇ ਆਪਣੇ ਤਾਜ਼ਾ ਗ਼ਜ਼ਲ ਸੰਗ੍ਰਹਿ ਗੂੰਗੀ ਰੁੱਤ ਦੀ ਪੀੜ ਤੋਂ ਪਹਿਲਾਂ ਅੱਖ਼ਰ ਅੱਖ਼ਰ ਤਨਹਾਈ (ਗਜ਼ਲਾਂ) ਨਗ਼ਮਾ ਉਦਾਸ ਹੈ ਅਤੇ "ਉਦਰੇਵੇਂ ਦੀ ਬੁੱਕਲ" (ਕਾਵਿ ਸੰਗ੍ਰਹਿ) ਪਾਠਕਾਂ ਦੇ ਸਨਮੁੱਖ ਪੇਸ਼ ਕੀਤੇ ਸਨ। ਇਨ੍ਹਾਂ ਪਹਿਲੇ ਤਿੰਨ ਸੰਗ੍ਰਹਿ ਦਾ ਵੀ ਪੰਜਾਬੀ ਪਾਠਕਾਂ ਨੇ ਭਰਪੂਰ ਸੁਆਗਤ ਕੀਤਾ ਸੀ। ਪ੍ਰਿੰਸੀਪਲ ਤਖ਼ਤ ਸਿੰਘ ਜੀ ਦੇ ਸ਼ਾਗਿਰਦ ਵਜੋਂ ਪਿਛਲੇ 35 ਵਰ੍ਹਿਆਂ ਤੋਂ ਉਪਰ ਸਾਹਿਤ ਜਗਤ 'ਚ ਕਰਮਸ਼ੀਲ ਪਰਦੇਸੀ ਦੀ ਲਿਖ਼ਤ ਵਿਚ ਨਿਜ ਵੀ ਹੈ ਅਤੇ ਲੋਕ-ਦਰਦ ਵੀ। ਇਨ੍ਹਾਂ ਦੋਹਾਂ ਵਿਸ਼ਿਆਂ ਵਿਚ ਉਹ ਸਮਤੋਲ ਰੱਖਦਾ ਹੈ। ਜ਼ਾਤ ਤੋਂ ਕਾਇਨਾਤ ਤੀਕ ਪਸਰਨਾ ਹਰ ਸ਼ਾਇਰ ਦੇ ਨਸੀਬਾਂ 'ਚ ਨਹੀਂ ਹੁੰਦਾ। ਇਸ ਪ੍ਰਤਿਭਾ ਕਾਰਨ ਰਾਜਿੰਦਰ ਪਰਦੇਸੀ ਕੇਵਲ ਸ਼ਾਇਰ ਨਹੀਂ, ਸੁਖ਼ਨਵਰ ਬਣ ਗਿਆ ਹੈ।

ਉਸਦੀ ਗ਼ਜ਼ਲ ਵਿਚ ਨਜ਼ਾਕਤ ਵੀ ਹੈ ਅਤੇ ਲਿਆਕਤ ਵੀ। ਸ਼ਬਦ ਬੀੜ ਵਿਚ ਉਹ ਆਪਣੇ ਉਸਤਾਦ ਵਾਂਗ ਲੁਕਵੇਂ ਅਰਥਾਂ ਨੂੰ ਪ੍ਰਕਾਸ਼ਤ ਕਰਨ ਵਿਚ ਅਲੋਕਾਰੀ ਪ੍ਰਤਿਭਾ ਵਿਖਾਉਂਦਾ ਹੈ। ਇਸ ਸੰਗ੍ਰਹਿ ਦੀ ਗ਼ਜ਼ਲ ਦੇ ਸ਼ਿਅਰ ਵੇਖੋ

***ਏਨਾ ਤਪਾਇਆ ਓਸ ਨੇ***
***ਕੇ ਭਾਫ਼ ਬਣ ਗਿਆ,***
***ਖਾਧੇ ਕਿਸੇ ਦੇ ਇਸ਼ਕ 'ਚ***
***ਐਸੇ ਉਬਾਲ ਮੈਂ।***

***ਜਾਂ***
***ਮੂੰਹ ਤੇ ਨਾ ਕਾਲੀ ਲੂੰਈਂ ਸੀ***
***ਹੁਣ ਖਿੜ ਰਹੀ ਕਪਾਹ,***
***ਗਿਣ ਲੈ ਬਿਤਾਏ ਜਾਗ ਕੇ***
***ਕਿੰਨੇ ਕੁ ਸਾਲ ਮੈਂ।***

***ਜਾਂ***
***ਉਨੀਂਦੇ ਉਮਰ ਭਰ ਰਹੀਏ ਕਦੀ ਨਾ ਵੇਖੀਏ ਸੁਪਨੇ***
***ਮੇਰੇ ਮੌਲਾ ਅਸਾਨੂੰ ਇਸ ਤਰਾਂ ਦੀ ਬਦ ਦੁਆ ਲੱਗੇ।***

ਉਸਨੂੰ ਆਪਣੇ ਵਰਗੇ ਹਰ ਵਿਅਕਤੀ ਦਾ ਦਰਦ ਆਪਣਾ ਲਗਦਾ ਹੈ, ਇਸੇ ਕਰਕੇ ਉਹਦੇ ਬੋਲ ਕਦੇ ਭਾਂਬੜ ਬਣ ਜਾਂਦੇ ਨੇ ਤੇ ਕਦੇ ਲਾਵਾ। ਬਾਗਾਂ ਵਿਚ ਕੋਇਲ ਦਾ ਸੰਗੀਤ ਵੀ ਉਸਦੀ ਰੂਹ ਨੂੰ ਸਕੂਨ ਬਖਸ਼ਦਾ ਹੈ ਅਤੇ ਚੁੱਪ ਹੋਣ ਦਾ ਹਉਕਾ ਵੀ ਸ਼ਾਇਰ ਹੀ ਭਰਦਾ

ਹੈ। ਤੂਫਾਨਾਂ ਤੋਂ ਬਾਦ ਕੰਬਦੀ ਰਹਿ ਗਈ ਟਾਹਣੀ ਕੇਵਲ ਸ਼ਾਇਰ ਦਾ ਮਨ ਹੀ ਹੁੰਦਾ ਏ। ਆਪਣੇ ਮੁਹੱਬਤੀ ਪਲਾਂ ਨੂੰ ਸ਼ਬਦਾਂ ਦੇ ਉਹਲੇ 'ਚ ਪੇਸ਼ ਕਰਨ ਦੀ ਸਮਰੱਥਾ ਵਾਲੇ ਸ਼ਾਇਰ ਰਾਜਿੰਦਰ ਪਰਦੇਸੀ 'ਚ ਇਹ ਸ਼ਕਤੀ ਹੈ ਕਿ-ਉਹ ਆਪਣੇ ਵਿਚਾਰਾਂ ਦੇ ਹਾਣ ਦਾ ਕਾਵਿ-ਰੂਪ ਚੁਣ ਸਕਦਾ ਹੈ।

ਕਮਲ ਅਹਿਸਾਸਾਂ ਅਤੇ ਅੰਦਰ ਵੱਲ ਵਧਦੇ ਜ਼ਖਮਾਂ ਦੀ ਪੇਸ਼ਕਾਰੀ ਲਈ ਗ਼ਜ਼ਲ ਉਸਦੀ ਸਰਦਲ ਵਿਚ ਆਣ ਖਲੋਂਦੀ ਹੈ। ਜਦੋਂ ਚਿੱਤ ਕਰਦੈ, ਨਜ਼ਮ ਨੂੰ ਆਵਾਜ਼ ਮਾਰ ਕੇ ਬੁਲਾ ਲੈਂਦੈ। ਪਰ ਸਰੋਦ ਤੇ ਸ਼ਬਦ-ਸਲੀਕੇ ਦਾ ਪੱਲੂ ਨਹੀਂ ਛੱਡਦਾ ਅਤੇ ਆਪਣੀ ਗਜ਼ਲ ਵਿਚ ਉਹ ਸਭ ਤੋਂ ਵੱਧ ਸੌਖ ਮਹਿਸੂਸ ਕਰਦੈ। ਗਜ਼ਲ ਵਿਚ ਉਹਦਾ ਦਾਰਸ਼ਨਿਕ ਆਪਾ ਵੀ ਉੱਘੜਦਾ ਏ। ਵੇਖੋ!

*ਨਾ ਏਨੀ ਦੂਰ ਤਕ ਜਾਈਏ ਕਿ*
*ਜਿੱਥੋਂ ਪਰਤ ਨਾ ਸਕੀਏ,*
*ਕਿਤੇ ਪਰਦੇਸੀ ਬਣ ਕੇ*
*ਲੈ ਨਾ ਬਹੀਏ,*
*ਸੁਪਨਿਆਂ ਦੀ ਜੂਨ।*

*ਦਿਨ-ਬ-ਦਿਨ ਹੀ ਸਾਡਿਆਂ*
*ਸਿਵਿਆਂ 'ਚ ਵੱਜਣ ਤਾੜੀਆਂ,*
*ਬਹਿ ਘਰੀਂ ਬਸ ਮਰਸੀਏ ਹੀ*
*ਗਾ ਰਹੇ ਹਾਂ ਦਿਨ-ਬ-ਦਿਨ।*

*ਰੋਜ਼ ਗੀਤਾਂ ਦਾ*
*ਲਹੂ ਪੀਂਦੀ ਹੈ ਇਹ,*
*ਖੁਸ਼ ਬਹੁਤ ਤਲਵਾਰ ਹੈ*
*ਇਹਨੀਂ ਦਿਨੀਂ*

ਗ਼ਜ਼ਲ 'ਮਾਂ' ਦੇ ਨਾਂ ਪੜ੍ਹ ਕੇ ਉਸਦੀ ਰਚਨਾ ਦਾ ਅੰਦਰਲਾ ਸੂਤਰ ਫੜਿਆ ਜਾ ਸਕਦਾ ਏ।

*ਅਸੀਂ ਤਾਂ ਉਮਰ ਭਰ ਦਰਦਾਂ 'ਚ*
*ਘਿਰਿਆ ਵੇਖਿਆ ਤੈਨੂੰ,*
*ਨਾ ਨਿਕਲੀ ਦਰਦ ਅਪਣੇ ਚੋਂ*
*ਬੜਾ ਹੀ ਕੱਢਿਆ ਤੈਨੂੰ।*
*ਨਾ 'ਪਰਦੇਸੀ' ਕਦੀ ਬਿੱਲੂ*
*ਕਹਾਏਂਗਾ ਕਿਸੇ ਤੋਂ ਹੁਣ,*



*ਨਾ ਕੋਈ ਹੁਣ ਕਹੇਗਾ*
*ਜ਼ੋਰ ਲਾ ਕੇ ਮੁਰਖ਼ਾ ਤੈਨੂੰ।*

ਇਹ ਸਤਰਾਂ ਪੜ੍ਹਦਿਆਂ ਮੈਨੂੰ ਆਪਣੇ ਬਾਪੂ ਜੀ ਚੇਤੇ ਆ ਰਹੇ ਨੇ, ਜਿਨ੍ਹਾਂ ਦਾ ਜੀਵਨ ਸੰਘਰਸ਼ ਸਤਰ ਸਤਰ ਅੱਜ ਵੀ ਮੇਰੇ ਅੰਗ ਸੰਗ ਰਹਿੰਦਾ ਏ। ਪਰਦੇਸੀ ਦੀ ਸੰਘਰਸ਼ਸ਼ੀਲ ਮਾਂ ਵਾਂਗ। ਰਾਜਿੰਦਰ ਪਰਦੇਸੀ ਆਪਣੇ ਆਪ ਨੂੰ ਮੁਖ਼ਾਤਿਬ ਸ਼ਾਇਰ ਹੈ ਜੋ ਆਪਣੀ ਕਲਮ ਨੂੰ ਵੀ ਆਦੇਸ਼ ਦੇ ਕੇ ਆਖਦਾ ਹੈ ਕਿ ਕਤਲ ਹੁੰਦੀਆਂ ਧੜਕਣਾਂ ਦੇ ਦਰਦ ਨੂੰ ਪਛਾਨਣ ਵਾਲੇ ਸੂਰਮਿਆਂ ਦੇ ਗੀਤ ਲਿਖਣੇ ਹੀ ਸਿਰਜਣਾਤਮਕ ਸੂਰਮਤਾਈ ਹੈ। ਬਾਗਾਂ ਨੂੰ ਠੂੰਗਣ ਵਾਲੇ ਤੋਤਿਆਂ, ਕਾਗਜ਼ੀ-ਵਾਅਦਿਆਂ ਅਤੇ ਸਦਾ ਬਲਦੇ ਚਿਰਾਗਾਂ ਦੇ ਉਲਟ ਹਰ ਰੋਜ਼ ਛਿਪਣ ਵਾਲੇ ਸੂਰਜ ਦੇ ਗੀਤ ਲਿਖ ਕੇ ਉਨ੍ਹਾਂ ਨੂੰ ਬੇਪਰਦ ਕਰਨ ਵਿਚ ਵੀ ਕਸਰ ਬਾਕੀ ਨਹੀਂ ਛੱਡਦਾ। ਪਰਦੇਸ ਵਾਸ ਤੇ ਉਸ ਵਿਚੋਂ ਨਿਕਲਦਾ ਘਰ ਦਾ ਮੋਹ ਜ਼ਰੂਰੀ ਨਹੀਂ ਕਿ ਵਲੈਤ ਜਾਂ ਅਮਰੀਕਾ, ਕੈਨੇਡਾ ਜਾ ਕੇ ਹੀ ਆਉਂਦੈ! ਮੋਗਿਉਂ ਜਲੰਧਰ ਜਾ ਕੇ ਵੀ ਪਰਦੇਸ ਦਾ ਅਹਿਸਾਸ ਬੰਦੇ ਨੂੰ ਪਰਦੇਸੀ ਬਣਾ ਸਕਦੈ! ਰਾਜਿੰਦਰ ਪਰਦੇਸੀ ਦੀਆਂ ਗਜ਼ਲਾਂ 'ਚ ਬਾਰ-ਬਾਰ ਘਰ ਪਰਤਣ ਦੀ ਤਾਂਘ ਉਸ ਨੂੰ ਆਪਣੀ ਜੰਮਣ ਭੂਮੀ ਨਾਲ ਜੋੜਦੀ ਹੈ।

ਸ਼ਬਦ-ਸੂਝ ਅਤੇ ਬੋਲੀ ਦੇ ਸਮਰੱਥ ਅਹਿਸਾਸਾਂ ਨੂੰ ਪਛਾਨਣ ਜਾਨਣ ਅਤੇ ਬਿਆਨਣ ਕਾਰਨ ਪਰਦੇਸੀ ਮਾਂ, ਮਾਂਭੂਮੀ ਅਤੇ ਮਾਂ ਬੋਲੀ ਦਾ ਸੁਲੱਗ ਪੁੱਤਰ ਹੈ। ਜਿਸ ਦੀ ਰਚਨਾ ਹਰ ਪੰਜਾਬੀ ਪਾਠਕ ਨੂੰ 'ਆਪਣੀ ਬਾਤ' ਜਾਪੇਗੀ। ਇਸ ਤਰ੍ਹਾਂ ਦੀਆਂ ਕਿਤਾਬਾਂ ਤੁਹਾਨੂੰ ਘਰ-ਪਰਿਵਾਰ ਤੇ ਸੰਸਾਰ ਨਾਲ ਜੋੜਦੀਆਂ ਨੇ।

*ਗੁਰਭਜਨ ਗਿੱਲ*

# ਅੰਦਰ ਝਾਤ


1. ਨਵੀਆਂ ਰਦੀਫ਼ਾਂ ਦਾ ਸਿਰਜਕ-ਰਾਜਿੰਦਰ ਪਰਦੇਸੀ - ਪ੍ਰਿੰ: ਤਖ਼ਤ ਸਿੰਘ
2. ਕਾਵਿ ਸ਼ਾਸਤਰ ਪੱਖੋਂ ਸੁਚੇਤ ਗ਼ਜ਼ਲਗੋ-ਪਰਦੇਸੀ - ਸਰਦਾਰ ਪੰਛੀ
3. ਦਿਲ ਦੀਆਂ ਡੂੰਘਾਈਆਂ ਤਕ ਲਹਿ ਜਾਣ ਵਾਲਾ ਗ਼ਜ਼ਲਗੋ-ਪਰਦੇਸੀ - ਬਚਿੰਤ ਕੌਰ
4. ਪੰਜਾਬੀ ਜ਼ੁਬਾਨ ਦਾ ਪਰਪੱਕ ਸ਼ਾਇਰ - ਰਾਜਿੰਦਰ ਪਰਦੇਸੀ - ਗੁਰਭਜਨ ਗਿੱਲ

ਗੂੰਗੀ ਰੁੱਤ ਦੀ ਪੀੜ 2
ਉਹ ਸ਼ੀਸ਼ੇ ਦਾ ਤਲਾ ਲੱਗੇ 4
ਚਲਿਆਂ ਏਂ ਦੂਰ ਸਜਣਾ 6
ਅਜਲ ਤੱਕ ਯਾਦ ਰੱਖੋਗੇ 8
ਬੜਾ ਦਿਲਕਸ਼ ਜਿਹਾ ਲਗਦੈ 10
ਤੇਰੇ ਨਗਰ 'ਚੋਂ ਆ ਕੇ 12
ਮੀਆਂ ਜੀ 14
ਮੈਨੂੰ ਆਖੇਂ 15
ਸਾਵਣ 16
ਚਿੱਠੀ 18
ਦਿਨ ਢਲੇ 20
ਭਾਫ਼ ਬਣ ਗਿਆ 22
ਅੰਗਿਆਰ ਖਾ ਰਹੇ ਹਾਂ 24
ਆਥਣ ਨੂੰ 26
ਕਿੰਨਾ ਉਦਾਸ ਹਾਂ ਮੈਂ 28
ਜ਼ਮਾਨਾ ਹੋਰ ਹੁੰਦਾ ਸੀ 30
ਦਿਲ ਦੇ ਟੁਕੜੇ 32
ਕਾਲੀਆਂ ਰਾਤਾਂ 34
ਉੱਤੋਂ ਉੱਤੋਂ 36
ਬਰਫ਼ਾਂ ਤੇ ਅੰਗਿਆਰੇ 37
ਇਸ਼ਕ ਮੇਰੇ ਦਾ ਦੇਵਤਾ ਹੋਣਾ 38
ਲੁਟਾਉਂਦੇ ਆਏ 40
ਟੁੱਟੇ ਤਾਰਿਆਂ ਵਾਂਗੂੰ 42
ਨਿਕਲ ਜਾਂਦੇ ਤਾਂ ਚੰਗਾ ਸੀ 44
ਵਾਂਗੂੰ 45
ਸੁਪਨੇ ਹੋਏ ਲੀਰਾਂ 46
ਨੀਲੇ ਲਾਲ ਹਰੇ 48
ਗੀਤ ਕੋਈ ਹੁਣ 50
ਰੁਤਬਾ ਬੁਲੰਦ ਹੋਵੇ 52
ਪੈਗ਼ਾਮ ਹੈ ਯਾਰੋ 54
ਇਸ਼ਾਰਾ ਕਰ ਗਿਆ 55
ਭੁਲਦਾ ਹੈ 56
ਅੱਗਾਂ ਦੇ ਰੂਪ 57
ਦਰਿਆਵਾਂ ਨਾਲ 58
ਚੇਤਨਾ ਮੇਰੀ 60
ਪੀਤੇ ਜਾਮ ਬੜੇ 61
ਗਲੀਆਂ ਤੇਰੇ ਸ਼ਹਿਰ ਦੀਆਂ 62
ਕੀ ਲਭਿਆ ਨੀ ਵਾਏ 63
ਸਾਜ ਛੇੜੇਂ 64
ਜ਼ੀਦ੍ਹਾ ਹਿਰਦਾ ਵਿਸ਼ਾਲ 66
ਖਹਿ ਖਹਿ ਕੇ 68
ਤੋੜ ਦੇ ਜੰਜ਼ੀਰ ਨੂੰ 70
ਮੇਰੇ ਸਜਣਾ 72
ਪਿੱਛੋਂ 74
ਬੀਤੇ ਦੀ ਅਰਥੀ 75
ਸੋਚਿਆ ਸੀ 76
ਆਪਾ ਜਲਾ ਰਿਹਾ ਹਾਂ 78
ਵੇਖ਼ 80
ਇਸ਼ਕ 81
ਮੈਂ ਜਿੰਨ੍ਹਾਂ ਦੀ ਖ਼ਾਤਿਰ 82
ਜਰ ਲਿਆ ਹੈ 84
ਕੀਤਾ ਸੀ ਤੈਨੂੰ ਪਿਆਰ 85
ਭਲੀ ਹੈ ਦੁਸ਼ਮਣੀ ਸਾਨੂੰ 88
ਖੁਸ਼ਬੂਆਂ ਦੇ ਮਾਰੇ 87
ਜੀਵਨ ਭਰ ਸੂਲਾਂ ਤੇ 88
ਤੇਰਾ ਹਿਸਾਬ ਹੋਰ 90
ਅਸੀਂ ਮਜਬੂਰ ਹੋ ਚੱਲੇ 91
ਯਾਰੀ ਵੇਖੀ ਹੈ 92
ਇਹਨੀ ਦਿਨੀਂ 94
ਦਿਨ-ਬ-ਦਿਨ 96
ਕਸਮਾਂ ਤੇ ਆ ਗਿਆ 97
ਮਾਂ ਦੇ ਨਾਂ 98
ਹਵਾ ਹੋ ਗਏ 100
ਸੀ ਉਹ ਬਹੁਤ ਉਦਾਸ 102
ਕੀ ਵਾਕਿਆ 103
ਅੱਜ ਕੱਲ 104





ਅੱਗ ਪਾਣੀ ਨੂੰ 106
ਬਤੰਗੜ ਬਣਾ ਲਿਆ 107
ਗੁਜਰੀਏ 108
ਇਹ ਉਹ ਜਾਣੇ ਜਾਂ ਮੈਂ ਜਾਣਾ 110
ਰਾਤ ਦਿਨ 112
ਸਾਦਗੀ 113
ਦਿਲ ਦੀ ਅੱਗ 114
ਪਰਖੇ ਬਾਰਮਬਾਰ 116
ਐਨਾ ਕੁ ਨਿੱਘ ਸੀ 118
ਹੋ ਗਿਆ ਏ ਚਾਨਣ 120
ਚਿੰਤਾਵਾਂ ਦੀ ਝੀਲ 121
ਤੇਰੇ ਤੁਰ ਜਾਣ ਦੇ ਪਿੱਛੋਂ 122
ਤਾਂ ਕੀ ਹੁੰਦਾ 123
ਕਦੀ ਏਧਰ ਕਦੀ ਓਧਰ 124
ਨਾ ਤੇਰੀ ਆਵਾਜ਼ ਸੁਣਨੀ 126
ਬੀਤੇ ਵਰ੍ਹੇ ਦੇ ਵਾਂਗ 128
ਹੋਈ ਉਦਾਸ ਸ਼ਾਮ 129
ਚੰਗਾ ਸੀ 130
ਤੇਰੇ ਪਿੰਡ ਵਾਲੇ 132
ਗੁਲਜ਼ਾਰ ਵਿਹੜੇ ਵਿਚ 134
ਤੇਰੀਆਂ ਖੁਸ਼ੀਆਂ ਦੀ ਖ਼ਾਤਰ 135
ਕਰੇ ਤੇਰੇ ਨਗਰ ਦਾ 136
ਹਾਰ ਬਲੌਰੀ ਬਾਹਾਂ ਦਾ 138
ਕਣੀਆਂ ਵਿਚ 140
ਭਲਕੇ ਤੇ ਪਰਸੋਂ 141
ਹੋਣਗੇ ਦਰਸ਼ਨ ਕਦੋਂ 142
ਨਜ਼ਾਰੇ ਭਾਲਦਾ 144
ਬੋਟ ਮੇਰੇ ਨੋਚਦਾ 145
ਇਹ ਸਜ਼ਾ ਵੀ ਵਰ ਲਵਾਂ 146
ਯਾਦ ਜਦੋਂ ਉਹ ਰਾਤਾਂ ਦੀ 148
ਕਤਲ ਸਵੇਰਾ ਕਿਸ ਕੀਤਾ 149
ਤਨਹਾਈ ਵਿਚ ਘੇਰਾ 150
ਤੂੰ ਕਿਨਾਰਾ ਕਰ ਲਿਆ 152
ਤੇਰੇ ਸਾਵ੍ਹੇਂ ਸ਼ੀਸ਼ਾ 153
ਤੁਰ ਜਾਣ ਦੇ ਪਿੱਛੋਂ 154
ਖਿੜਦੇ ਗੁਲਾਬ 155
ਖ਼ਾਰ ਉਗਾਏ ਜਾਂਦੇ ਨੇ। 156
ਬਣਾਈ ਜਾਣ ਦੇ ਮੈਨੂੰ। 157
ਐਸੇ ਮਿੱਤਰ ਨਾਲੋਂ 158
ਦਿਲ ਨੂੰ ਹਲਾਲ ਕਰਨਾ 160
ਤੇਰੇ ਬਗ਼ੈਰ ਸਾਵਣ 161
ਖ਼ੇਤ ਸਰ੍ਹਵਾਂ ਦੇ 162
ਬਣ ਕੇ ਘਟਾ 164
ਖਿੰਡਾਉਂਦਾ ਆ ਗਿਆ ਹਾਸੇ 165
ਪੰਜਾਬ ਅੰਦਰ 166
ਇਹ ਭਰਮ ਹੈ 168
ਮੌਸਮ ਜਵਾਨ ਹੈ 169
ਮੁਹੱਬਤ ਦਾ ਖ਼ੁਦਾ ਬਣ ਕੇ 170
ਗ਼ਮਾਂ ਸੰਗ ਦੋਸਤੀ ਸਾਡੀ 171
ਰਾਤ ਭਰ 172
ਪੰਛੀ ਹਾਂ 173
ਰੌਣਕ 174
ਸਰ-ਫ਼ਰੋਸ਼ 175
ਬੀਮਾਰ ਉੱਤੋਂ ਉੱਤੋਂ 176
ਜੋ ਕੁਰਬਾਨੀ ਦੇਵੇ 177
ਪਰਿੰਦੇ 178
ਮਿਲੀ ਜੇ ਨਾ ਸਜ਼ਾ ਹੁੰਦੀ। 179
ਇਕਰਾਰ ਹੌਲੀ-ਹੌਲੀ। 180
ਪੱਥਰ ਖ਼ੁਦਾ 182
ਸੁਪਨਾ ਝੁਲਸ ਗਿਆ 184
ਹਉਕਿਆਂ ਦੀ ਜੂਨ 185
ਕਾਸ਼ ਪਹਿਲਾਂ 'ਹੀ 186
ਗੀਤ ਲਿਖ਼ 188
ਆਣਾ ਸੀ ਕਦੇ 190
ਮੜ੍ਹ ਦਿੱਤਾ ਇਲਜ਼ਾਮ 191
ਦਰਿਆਵਾਂ ਨਾਲ 192
ਤੇਰੇ ਤੁਰ ਜਾਣ ਤੋਂ ਪਹਿਲਾਂ 194
ਖ਼ੁਦਾ ਹਾਫ਼ਿਜ਼ 195
ਇਹ ਤੈਨੂੰ ਮਿੱਠੀਆਂ ਲੱਗਣ 196
ਦਿਆਂਗਾ ਹਰ ਨਗਰ ਹੋਕਾ 198
ਦਿਲ ਦੀ ਗਲ ਮਨਵਾ ਰਹੀ 199
ਦਰਦਾਂ ਦੇ ਸੁਲਤਾਨ 200
ਮੈਨਾ ਦੀ ਪ੍ਰੀਤ ਜੇਹਾ 202
ਨਗ਼ਮਾ ਸੁਨਾਉਣ ਚੱਲੇ 203
ਨਜ਼ਰ ਦਾ ਵਾਸਤਾ ਤੈਨੂੰ 204
ਗਿਰਾਂ ਵੀ ਤੇਰੇ ਨੇ 206
ਵਾ-ਵਰੋਲੇ 208
ਲੁਕ ਗਈ ਦੀਵਿਆ ਰੌਸ਼ਨੀ 209
ਜ਼ਿੰਦਗੀ 210
ਚਿੜੀਆਂ 211
ਤਾਕੀਦ ਹੈ 212
ਸ਼ਾਇਰ 214
ਦੀਵੇ 216
ਭੌਣ ਨਿਕਲੇ 218


ਤੂੰ ਤੇ ਲੈ ਕੇ ਤੁਰ ਗਿਉਂ ਮਹਿਕਾਂ ਤੋਂ ਬਨਵਾਸ।
ਗੂੰਗੀ ਰੁੱਤ ਦੀ ਪੀੜ ਦਾ ਕੌਣ ਕਰੇ ਅਹਿਸਾਸ।
ਗੂੰਗੀ ਰੁੱਤ ਦੀ ਪੀੜ
ਤਰਲੋਮੱਛੀ ਅੱਖੀਆਂ ਪਰ ਨਾ ਦੁਆ ਸਲਾਮ।
ਦਿਲ ਦੀ ਗਲੀਓਂ ਲੰਘਿਆ ਬੰਦਾ ਖ਼ਾਮਖ਼ਾਸ।

# ਗੂੰਗੀ ਰੁੱਤ ਦੀ ਪੀੜ

ਤੂੰ ਤੇ ਲੈ ਕੇ ਤੁਰ ਗਿਉਂ ਮਹਿਕਾਂ ਤੋਂ ਬਨਵਾਸ।
ਗੂੰਗੀ ਰੁੱਤ ਦੀ ਪੀੜ ਦਾ ਕੌਣ ਕਰੇ ਅਹਿਸਾਸ।

ਤਪਦੀ ਰੂਹ ਨੂੰ ਇੰਜ ਹੀ ਦੇ ਲਈਏ ਧਰਵਾਸ।
ਰੇਗਿਸਤਾਨੀ ਅੱਕੜੇ ਜੰਮਣ ਲੈ ਕੇ ਪਿਆਸ।

ਜਿਸ ਦੇ ਵੱਜਣ ਛਮਕਾਂ ਉਸ ਦੇ ਪੈਂਦੀ ਲਾਸ।
ਜ਼ਖ਼ਮਾਂ ਦੇ ਸੰਗ ਸੁਹਬਦੀ ਹੈ ਦਰਦਾਂ ਦੀ ਬਾਸ।

ਵੰਝਲੀ ਨੂੰ ਬਸ ਛੇੜ ਨਾ ਨਾ ਕਰ ਹੋਰ ਉਦਾਸ।
ਖ਼ਬਰੇ ਰੁਕ ਰੁਕ ਇੰਜ ਹੀ ਚਲਦੇ ਰਹਿਣ ਸਵਾਸ।

ਹੱਸਣ ਨੂੰ ਤੂੰ ਆਖ ਨਾ ਇਹ ਨਈਂ ਪੁਗਣੀ ਆਸ।
ਇਸ ਜਨਮੇਂ ਤਾਂ ਆਪਣਾ ਚੱਲ ਰਿਹੈ ਉਪਵਾਸ।

ਤਰਲੋਮੱਛੀ ਅੱਖੀਆਂ ਪਰ ਨਾ ਦੁਆ ਸਲਾਮ।
ਦਿਲ ਦੀ ਗਲੀਓਂ ਲੰਘਿਆ ਬੰਦਾ ਖ਼ਾਸਮਖ਼ਾਸ।

ਨਾ ਚਸ਼ਮੇ ਨਾ ਰੁੱਖ ਹੀ ਇਸ ਪਰਬਤ ਦੇ ਪਾਸ।
ਅਉਣਾ ਹੈ ਹੁਣ ਪੰਛੀਆਂ ਲੈ ਕੇ ਕਿਹੜੀ ਆਸ।



ਤੈਨੂੰ ਤਾਂ ਇਹ ਦੁੱਖ ਹੈ, ਹੈਂ ਤੂੰ ਵਤਨੋਂ ਦੂਰ,
ਸਾਨੂੰ ਸਾਡੇ ਦੇਸ਼ ਹੀ ਉਮਰਾਂ ਦਾ ਪਰਵਾਸ।

''ਪਰਦੇਸੀ ਨੂੰ ਪਿਸਦਿਆਂ ਗਏ ਚੁਰੰਜਾ ਬੀਤ,
ਹੁਣ ਵੀ ਤੇਰੀ ਯਾਦ ਦਾ ਚਲਦਾ ਪਿਐ ਖ਼ਰਾਸ।



# ਉਹ ਸ਼ੀਸ਼ੇ ਦਾ ਤਲਾ ਲੱਗੇ

ਕਦੀ ਤਾਂ ਗ਼ਮਜ਼ਦਾ ਲੱਗੇ ਕਦੀ ਪਰ ਖ਼ੁਸ਼ਨੁਮਾ ਲੱਗੇ।
ਕਦੇ ਉਹ ਓਪਰਾ ਲੱਗੇ ਕਦੇ ਉਹ ਆਪਣਾ ਲੱਗੇ।

ਜੇ ਉਸ ਨੂੰ ਨੇੜਿਓਂ ਤੱਕੀਏ ਤਾਂ ਪਰਬਤ ਦੀ ਗੁਫ਼ਾ ਲੱਗੇ।
ਜੇ ਅੱਖਾਂ ਮੀਟ ਲਈਏ ਤਾਂ ਉਹ ਸ਼ੀਸ਼ੇ ਦਾ ਤਲਾ ਲੱਗੇ।

ਉਨੀਂਦੇ ਉਮਰ ਭਰ ਰਹੀਏ ਕਦੀ ਨਾ ਵੇਖੀਏ ਸੁਪਨੇ,
ਮੇਰੇ ਮੌਲਾ ਅਸਾਨੂੰ ਇਸ ਤਰ੍ਹਾਂ ਦੀ ਬਦਦੁਆ ਲੱਗੇ।

ਸਮੇਂ ਦਾ ਗੇੜ ਹੈ ਉਮਰਾਂ ਨੇ ਅਕਸਰ ਦਰਜ ਹੋਣਾ ਏਂ,
ਕਿਸੇ ਨੂੰ ਅਣਕਿਹਾ ਲੱਗੇ ਕਿਸੇ ਨੂੰ ਸੁਣ ਗਿਆ ਲੱਗੇ।







ਇਵੇਂ ਹੀ ਦਰਦ ਤੋਂ ਹਰ ਜ਼ਖ਼ਮ ਦਾ ਕੁਝ ਫਾਸਲਾ ਰੱਖੋ,
ਮੁਸਲਸਲ ਦਰਦ ਹੋਵੇ ਜ਼ਖ਼ਮ ਫਿਰ ਵੀ ਨਾ ਹਰਾ ਲੱਗੇ।

ਤੁਸੀਂ ਜੇ ਘਾਲ ਸਕਦੇ ਹੋ ਤਾਂ ਘਾਲੋ ਘਾਲਣਾ ਐਸੀ,
ਅਸੀਂ ਥੋਡੇ ਤੁਸੀਂ ਸਾਡੇ ਨਾ ਕੋਈ ਓਪਰਾ ਲੱਗੇ।

ਬਰੇਤੀ ਸਿਰ ਨੂੰ ਹੈ ਕਿਧਰੇ ਤੇ ਕਿਧਰੇ ਤਿਲਕਣਾ ਸਿਰ ਤਕ,
ਬੜਾ ਬੇਕਿਰਕ ਜੇਹਾ ਜ਼ਿੰਦਗੀ ਦਾ ਫਲਸਫ਼ਾ ਲੱਗੇ।

ਬੜੀ ਔਖੀ ਹੈ ਖਿਚਣੀ ਲੀਕ ਮਿਤਰਾਂ ਦੁਸ਼ਮਣਾਂ ਅੰਦਰ,
ਕਲਾਵਾ ਭਰ ਕੇ ਬੈਠਾ ਜਦ ਭਰਾ ਹੀ ਨਾ ਭਰਾ ਲੱਗੇ।

ਤੁਸੀਂ ਤਾਂ ਪਿਆਰ ਦੇ ਸਾਗਰ ਦੇ ਪਰਲੇ ਪਾਰ ਰਹਿੰਦੇ ਹੋ,
ਸਮੁੰਦਰ ਤਰਨ ਵਾਲਾ ਤਾਂ ਤੁਹਾਨੂੰ ਬੇਘਰਾ ਲੱਗੇ।

ਜੋ ਉਡਿਆ ਜਜ਼ਬਿਆਂ ਵਿਚ ਪੰਛੀਆਂ ਦੇ ਨਾਲ 'ਪਰਦੇਸੀ'
ਉਹ ਨਾ ਬੰਦੇ ਜਿਹਾ ਲੱਗੇ ਤੇ ਨਾ ਪੰਛੀ ਜਿਹਾ ਲੱਗੇ।

# ਚਲਿਆਂ ਏਂ ਦੂਰ ਸਜਣਾ

ਚਲਿਆਂ ਏਂ ਦੂਰ ਸਜਣਾ ਅਪਣਾ ਖਿਆਲ ਰੱਖੀਂ।
ਸਾਨੂੰ ਵੀ ਚੇਤਿਆਂ ਦੇ ਪਰ ਨਾਲ-ਨਾਲ ਰੱਖੀਂ।

ਲੈ ਕੇ ਤੇ ਜਾ ਰਿਹਾ ਏਂ ਇਹ ਖ਼ਾਹਿਸ਼ਾਂ ਤੇ ਸੁਪਨੇ,
ਸੁਪਨੇ ਤੇ ਖ਼ਾਹਿਸ਼ਾਂ ਦੇ ਜਜ਼ਬੇ ਸੰਭਾਲ ਰੱਖੀ।

ਦੇਵੀਂ ਨਾ ਬੁਝਣ ਹਰਗਿਜ਼ ਗਰਦਿਸ਼ ਦੇ ਝੱਖੜਾਂ ਵਿਚ,
ਗੁੰਬਦ ਤੇ ਰਿਸ਼ਤਿਆਂ ਦੇ ਦੀਵੇ ਨੂੰ ਬਾਲ ਰੱਖੀਂ।

ਸਭ ਕੁਝ ਉਹ ਭੁੱਲ ਜਾਵੀਂ ਜੋ ਯਾਦ ਰੱਖਣਾ ਚਾਹੇਂ,
ਜੋ ਭੁੱਲ ਜਾਣਾ ਚਾਹੇਂ ਕੁਝ-ਕੁਝ ਸੰਭਾਲ ਰੱਖੀਂ।







ਤਿਲਕਣ ਦਾ ਡਰ ਨਾ ਹੋਵੇ ਨਾ ਖ਼ੌਫ ਅੜਚਣਾ ਦਾ
ਮਾਰਗ ਫੜੀਂ ਤੂੰ ਵਖਰਾ, ਵਖਰੀ ਹੀ ਚਾਲ ਰੱਖੀਂ।

ਜੇ ਗੀਤ ਗਾ ਸਕੇ ਤੂੰ ਸਾਂਝਾਂ ਦੇ ਸਾਜ਼ ਉਤੇ,
ਸਾਂਝਾਂ ਦੀ ਪ੍ਰੀਤ ਸਭਨਾਂ ਗੀਤਾਂ ਦੇ ਨਾਲ ਰੱਖੀਂ।

ਦਰਦਾਂ ਨੂੰ ਕੋਲ ਰੱਖ ਕੇ, ਜ਼ਖ਼ਮਾਂ ਨੂੰ ਤੋਰ ਦੇਣਾ,
ਵੇਖਣ ਲਈ ਉਨ੍ਹਾਂ ਦੇ ਕਰਕੇ ਕਮਾਲ ਰੱਖੀਂ।

ਦਿਲ ਤੂੰ ਤਲੀ 'ਤੇ ਰੱਖ ਕੇ ਉਸ ਨੂੰ ਵਿਖਾਉਣ ਲੱਗਿਆਂ,
ਅੱਖੀਆਂ ਦੇ ਬਾਲ ਦੀਵੇ, ਤਲੀਆਂ ਦੇ ਨਾਲ ਰੱਖੀਂ।

ਮਚਣਾ ਸੁਖਾਲਾ ਹੁੰਦੈ ਸੇਕੇ ਜੇ ਕੋਈ ਬਹਿ ਕੇ,
'ਪਰਦੇਸੀ' ਦਿਲ 'ਚ ਧੁਖਦੀ ਧੂਣੀ ਨੂੰ ਬਾਲ ਰੱਖੀਂ।

# ਅਜਲ ਤਕ ਯਾਦ ਰੱਖੋਗੇ

ਅਜਲ ਤਕ ਯਾਦ ਰੱਖੋਗੇ ਕਜ਼ਾ ਤਕ ਮੁਸਕਰਾਉਗੇ।
ਤੁਰੋਗੇ ਨਾਲ ਜੇ ਸਾਡੇ ਤੁਸੀਂ ਮੰਜ਼ਿਲ ਵੀ ਪਾਉਗੇ।

ਬਿਗਾਨੀ ਰੌਸ਼ਨੀ ਸਿਰ ਤੇ ਨਹੀਂ ਅਸਵਾਰ ਹੋਵੇਗੀ,
ਹਨੇਰਾ ਹੋਣ ਤੋਂ ਪਹਿਲਾਂ ਘਰੀਂ ਜੇ ਪਰਤ ਆਉਗੇ।

ਅਜੇ ਸੂਰਜ ਦੇ ਟੁਕੜੇ ਭਾਲਦੇ ਹੋ ਜੰਗਲਾਂ ਵਿੱਚੋਂ,
ਉਦੋਂ ਚਾਨਣ ਹੰਢਾਉਗੇ, ਜਦੋਂ ਅੰਬਰ ਨੂੰ ਗ੍ਹਾਉਗੇ।

ਗਵਾਂਡੀ ਤੁਰ ਪਏ ਤਾਂ ਸੋਚਿਆ ਆਪਾਂ ਵੀ ਤੁਰ ਚਲੀਏ
ਬਿਨਾਂ ਸਿਰਨਾਵਿਓਂ ਖ਼ਤ ਵਾਂਗਰਾਂ ਮੰਜ਼ਿਲ ਨਾ ਪਾਉਗੇ।







ਅਸਾਨੂੰ ਹੁਸਨ ਦੀ ਸਹੁੰ ਹੈ ਤੁਹਾਨੂੰ ਇਸ਼ਕ ਦੀ ਸਹੁੰ ਹੈ।
ਹੁਲ੍ਹਾਰੇ ਫਿਰ ਲਵਾਂਗੇ ਅੰਬਰੀਂ ਜਦ ਪੀਂਘ ਪਾਉਗੇ।

ਇਨ੍ਹਾਂ ਦੇ ਦਰਦ ਦਾ ਥੋਨੂੰ ਉਦੋਂ ਅਹਿਸਾਸ ਹੋਵੇਗਾ,
ਬਣੋਗੇ ਬਿਰਖ਼ ਜਦ ਫਿਰ ਆਲ੍ਹਣੇ ਸਿਰ ਤੇ ਪਵਾਉਗੇ।

ਤੁਹਾਡਾ ਕੱਠ ਵੇਖਾਂਗੇ ਅਸੀਂ ਕੀ ਮਰਨ ਦੇ ਮਗਰੋਂ
ਕਿਵੇਂ ਦਾ ਭੋਗ ਪਾਉਗੇ ਕਹੀ ਬਰਸੀ ਮਨਾਉਗੇ ?

ਅਸਾਡੇ ਜਜ਼ਬਿਆਂ ਨੂੰ ਕਿਸ ਤਰਾਂ ਗੋਤੇ ਖਵਾਏ ਸਨ,
ਉਦੋਂ ਤਕ ਭੁੱਲ ਜਾਉਗੇ, ਜਦੋਂ ਗੰਗਾ ਨਹਾਉਗੇ।

ਖ਼ਬਰ ਕੀ ਸੀ ਕਿਸੇ ਦਿਨ ਆਪੋ ਅਪਣੇ ਪਾਣੀਆਂ ਖਾਤਿਰ
ਕਦੀ ਜਮਨਾ ਜਲਾਉਗੇ ਕਦੀ ਸਤਿਲੁਜ ਜਲਾਉਗੇ।

ਇਹ ਚਾਨਣ ਦੇਣਗੇ ਦੀਵੇ ਮਗਰ ਇਕ ਸ਼ਰਤ ਹੈ ਮੇਰੀ,
ਉਦੋਂ ਤਕ ਹੀ ਇਹ ਮੱਚਣਗੇ ਜਦੋਂ ਤਕ ਤੇਲ ਪਾਉਗੇ।

ਬੜੀ ਸ਼ੁਹਰਤ ਹੋ ਰਾਜਿੰਦਰ, ਬੜਾ ਰੁਤਬਾ ਹੈ "ਪਰਦੇਸੀ"
ਜਲੰਧਰ ਸ਼ਹਿਰ ਤੋਂ ਫੇਰੀ ਕਦੋਂ ਮੋਗੇ ਨੂੰ ਪਾਉਗੇ।

# ਬੜਾ ਦਿਲਕਸ਼ ਜਿਹਾ ਲਗਦੈ

ਬੜਾ ਦਿਲਕਸ਼ ਜਿਹਾ ਲਗਦੈ ਇਵੇਂ ਬੀਮਾਰ ਹੋ ਜਾਣਾ।
ਜਿਵੇਂ ਹੀ ਮੀਟਣਾ ਅੱਖਾਂ ਤੇਰਾ ਦੀਦਾਰ ਹੋ ਜਾਣਾ।

ਤੁਸੀਂ ਇਹ ਸਮਝ ਨਈਂ ਸਕਦੇ ਇਕੱਲਿਆਂ ਬੈਠ ਕੇ ਕੀਕਣ,
ਕਿਸੇ ਦਾ ਬੰਦ ਕਮਰੇ ਵਿੱਚ ਹੀ ਤਕਰਾਰ ਹੋ ਜਾਣਾ।

ਨਾ ਸਾਨੂੰ ਜੀਣ ਦੇਵੇ ਇਹ ਨਾ ਸਾਨੂੰ ਮਰਨ ਹੀ ਦੇਵੇ,
ਕਦੀ ਅਖੀਆਂ 'ਚ ਡੁੱਬ ਜਾਣਾ ਕਦੀ ਸਾਕਾਰ ਹੋ ਜਾਣਾ।

ਬੜੇ ਹੈਰਾਨਕੁਨ ਹੁੰਦੇ ਨੇ ਐਸੀ ਜੰਗ ਦੇ ਸਿੱਟੇ,
ਕਿਸੇ ਦਾ ਰੋਹ ਚ ਆ ਜਾਣਾ ਕਿਸੇ ਨੂੰ ਪਿਆਰ ਹੋ ਜਾਣਾ।

ਬਗਾਵਤ ਹੋ ਹੀ ਜਾਵੇਗੀ ਨਿਸ਼ਾਨੀ ਹੈ ਬਗਾਵਤ ਦੀ,
ਤੇਰਾ ਇਕਰਾਰ ਤੇ ਅਉਣਾ ਮੇਰਾ ਲਾਚਾਰ ਹੋ ਜਾਣਾ।







ਬੜਾ ਰੌਚਕ ਜਿਹਾ ਲਗਦੈ ਸਮੁੰਦਰ ਇਸ਼ਕ ਦਾ ਤਰਨਾ,
ਮਗਰ ਡੁਬ ਜਾਣ ਵਰਗਾ ਹੈ ਝਨਾ ਦੇ ਪਾਰ ਹੋ ਜਾਣਾ।

ਇਹ ਮੌਸਮ ਤਿਲਮਿਲਾਉਂਦਾ ਹੈ ਨਹੀਂ ਪਰ ਓਪਰਾ ਲਗਦਾ,
ਤੇਰੇ ਹੱਸਣ ਤੇ ਮੇਰੀ ਚੁੱਪ ਦਾ ਵਿਸਥਾਰ ਹੋ ਜਾਣਾ।

ਕਦੀ ਤਾਂ ਵੇਖਿਆ ਹੋਣੈ, ਤੁਸੀਂ ਵੀ ਇਨਕਲਾਬ ਐਸਾ
ਕਿਸੇ ਫੁਲ ਦੀ ਤਬੀਅਤ ਦਾ ਪਲਾਂ ਵਿਚ ਖ਼ਾਰ ਹੋ ਜਾਣਾ।

ਤੇਰੇ ਹਰ ਜਾਣ ਦਾ ਕਾਰਨ ਫ਼ਕਤ ਏਨਾ ਸੀ 'ਪਰਦੇਸੀ',
ਇਹ ਬੇਇਤਬਾਰਿਆਂ ਉੱਤੇ ਤੇਰਾ ਇਤਬਾਰ ਹੋ ਜਾਣਾ।

# ਤੇਰੇ ਨਗਰ ’ਚੋਂ ਆ ਕੇ

ਤੇਰੇ ਨਗਰ ’ਚੋਂ ਆ ਕੇ ਐਨੀ ਥਕਾਨ ਹੋਈ।
ਘਰ ਘਰ ਨਾ ਲੱਗੇ ਅਪਣਾ ਰੂਹ ਵੀ ਬੇਜਾਨ ਹੋਈ।

ਲੱਗਿਆ ਤਾਂ ਬਹੁਤ ਚੰਗਾ ਇੰਜ ਪੰਛੀਆਂ ਦਾ ਉੱਡਣਾ,
ਦਿਲ ਦਰਦ ਵਿਚ ਕਰਾਹਿਆ ਜਦ ਸੰਵ ਮਸਾਨ ਹੋਈ।

ਤਕਿਆ ਤਾਂ ਇੰਝ ਤਕਿਆ, ਤਕਿਆ ਨਾ ਹੋਵੇ ਜੀਕਣ,
ਵਰ੍ਹਿਆਂ ਤੋਂ ਬਾਅਦ ਮਿਲਣੀ ਸੁਪਨੇ ਸਮਾਨ ਹੋਈ।

ਦੋ ਜਿਸਮ ਜਾਨ ਇਕ ਹੈ, ਮੁੱਦਤ ਤੋਂ ਕਹਿ ਰਹੇ ਹਾਂ,
ਜੋ ਜਾਨ ਤੋਂ ਨਾ ਵਾਕਿਫ਼ ਉਹ ਵੀ ਕੀ ਜਾਨ ਹੋਈ।

ਦਿਨ ਦੀ ਸਲੀਬ ਉੱਤੇ, ਸੂਲੀ ’ਤੇ ਟੰਗੀਆਂ ਰਾਤਾਂ,
ਪਰ ਮਿਹਰਬਾਨ ਫਿਰ ਵੀ ਨਾ ਭਾਗਵਾਨ ਹੋਈ।

ਖ਼ਾਮੋਸ਼ ਰੋਣ ਰੋਏ ਖ਼ਾਮੋਸ਼ ਹਾਸੇ ਹੱਸੇ,
ਅਜ ਵੇਦਨਾ ਵੀ ਅਪਣੀ ਕਿੰਜ ਬੇਜ਼ੁਬਾਨ ਹੋਈ।







ਮੱਚਣ ਦੀ ਗੱਲ ਛੱਡੋ, ਸੱਟਾਂ ਦੀ ਗੱਲ ਛੱਡੋ,
ਜਦ ਜ਼ਿੰਦਗੀ ਇਹ ਖ਼ੁਦ ਹੀ ਅਹਿਰਨ ਮਚਾਨ ਹੋਈ।

ਬਸ ਕੌੜ ਤੁੰਮੇ ਉੱਗੇ ਜਾਂ ਪੋਹਲੀਆਂ ਹੀ ਉੱਗੀਆਂ,
ਤੇਰੇ ਬਿਨਾ ਇਹ ਧਰਤੀ ਕਿੰਨੀ ਬਰਾਨ ਹੋਈ।

‘ਪਰਦੇਸੀ’ ਤੁਰਨ ਲੱਗਿਆ ਤਕਦਾ ਰਿਹਾ ਗਰਾਂ ਨੂੰ,
ਐਥੇ ਹੀ ਪੀੜ ਜਨਮੀਂ ਐਥੇ ਜਵਾਨ ਹੋਈ।

# ਮੀਆਂ ਜੀ

ਤੂਤੀ ਬੋਲੇ ਸਰਕਾਰੇ-ਦਰਬਾਰੇ ਮੀਆਂ ਜੀ।
ਤਾਂ ਹੀ ਛਡਦੇ ਫਿਰਦੇ ਹੋ ਫੁੰਕਾਰੇ ਮੀਆਂ ਜੀ।

ਪਰਲੇ ਪਾਰ ਜੋ ਕਰਦੇ ਹੋ ਉਹ ਦੱਸਣਯੋਗ ਨਹੀਂ,
ਉਰਲੇ ਪਾਸੇ ਜਾਂਦੇ ਹੋ ਸਤਿਕਾਰੇ ਮੀਆਂ ਜੀ।

ਖ਼ੁਸ਼ਬੂਆਂ ਦੇ ਬਦਲੇ ਜ਼ਹਿਰ ਫ਼ਿਜ਼ਾ ਵਿਚ ਭਰਦੇ ਹੋ,
ਸੱਚੇ ਸੁੱਚੇ ਬਣ-ਠਣ ਕੇ ਵਣਜਾਰੇ ਮੀਆਂ ਜੀ।

ਵਾਰੇ ਵਾਰੇ ਜਾਈਏ ਥੋਡੀ ਪੁਸ਼ਤ ਪਨਾਹੀ ਦੇ,
ਗਲੀਆਂ ਗਹੁੰਦੇ ਫਿਰਦੇ ਨੇ ਹਤਿਆਰੇ ਮੀਆਂ ਜੀ।

ਇਸ ਮੰਦਿਰ ਵਿਚ ਰਾਕਸ਼ ਰਕਸ਼ਕ ਕੱਠੇ ਰਹਿੰਦੇ ਨੇ,
ਪਲ ਵਿਚ ਦਿਨੇ ਵਿਖਾ ਦਿੰਦੇ ਨੇ ਤਾਰੇ ਮੀਆਂ ਜੀ।

ਭੀੜਾਂ ਵਿਚੋਂ ਲੰਘਣ ਲੱਗਿਆਂ ਸੋਚ ਲਿਆ ਕਰਨਾ,
ਭੀੜਾਂ ਵਿਚ ਨਈਉਂ ਮਿੱਤਰ ਹੁੰਦੇ ਸਾਰੇ ਮੀਆਂ ਜੀ।

ਕੀ ਕੀ ਰਾਜ਼ ਲੁਕਾਈ ਫਿਰਦੇ ਨੇ ਬੀਮਾਰਾਂ ਤੋਂ,
ਦਸ ਦਿੰਦੇ ਨੇ ਵੈਦਾਂ ਦੇ ਵਰਤਾਰੇ ਮੀਆਂ ਜੀ।

ਅਪਣੀ ਮਾਂ ਦੇ ਦੁਧ ਵਿਚ ਜੇਕਰ ਕਾਂਜੀ ਘੋਲੋਗੇ।
ਨਗਰੀ ਨਗਰੀ ਜਾਵੋਗੇ ਫਿਟਕਾਰੇ ਮੀਆਂ ਜੀ।

ਵਤਨਾਂ ਵਾਲੇ ਇਹ ਸਾਰੇ ਦਿਲਦਾਰ ਨਹੀਂ ਜੇਕਰ,
ਸਾਰੇ 'ਪਰਦੇਸੀ' ਨਈਉਂ ਬੇ ਇਤਬਾਰੇ ਮੀਆਂ ਜੀ।



# ਮੈਨੂੰ ਆਖੇਂ

ਮੈਨੂੰ ਆਖੇਂ, ਤੈਨੂੰ ਮੇਰੀ ਸਾਰ ਨਹੀਂ ਹੈ,
ਤੇਰੇ ਵਿਚ ਹੀ ਪਹਿਲਾਂ ਵਾਲਾ ਪਿਆਰ ਨਹੀਂ ਹੈ।

ਸ਼ਬਦਾਂ ਨੂੰ ਬੁੱਕਲ ਵਿਚ ਲੈ ਕੇ ਰੋ ਪੈਂਦਾ ਹਾਂ,
ਸੋਚ ਲਵਾਂ ਜਦ ਹੁਣ ਕੋਈ ਗ਼ਮਖ਼ਾਰ ਨਹੀਂ ਹੈ।

ਅਪਣੀ ਚਾਹਤ ਦੇ ਕੰਨਾਂ ਵਿਚ ਸਿੱਕਾ ਭਰ ਲੈ,
ਹੁਣ ਇਸ ਜਿੰਦ ਦੀ ਵੰਝਲੀ ਦਾ ਇਤਬਾਰ ਨਹੀਂ ਹੈ।

ਹੜ੍ਹਨਾ ਹੈ ਇਸ ਨੇ ਪੀੜਾਂ ਦੇ ਹੜ੍ਹ ਦੇ ਨਾਲ,
ਇਸ ਦਿਲ ਦਾ ਹੁਣ ਕੋਈ ਵੀ ਦਿਲਦਾਰ ਨਹੀਂ ਹੈ।

ਸਾਹਾਂ ਦੀ ਤਿਤਲੀ ਨੂੰ ਮੈਂ ਸਮਝਾਵਾਂ ਕਿੱਦਾਂ,
ਮਾਰੂਥਲ ਹੈ, ਇਹ ਦਿਲ ਹੁਣ ਗੁਲਜ਼ਾਰ ਨਹੀਂ ਹੈ।

ਇਹ ਅੱਖਰ ਅੱਖਰ ਤਨਹਾਈ ਹੈ "ਪਰਦੇਸੀ"
ਨਗ਼ਮਾ ਹੈ ਪਤਝੜ ਦਾ ਸ਼ੋਖ਼ ਬਹਾਰ ਨਹੀਂ ਹੈ।



# ਸਾਵਣ

ਬੰਬਾਂ, ਅੱਗਾਂ, ਨਾਲ ਕਰੋਪੀ ਹੜ੍ਹ ਦੀ ਲਿਆਇਆ ਸਾਵਣ।
ਉਹਨਾਂ ਦੇ ਦਿਲ ਨੂੰ ਇਹ ਫਿਰ ਵੀ ਕਿੰਨਾ ਭਾਇਆ ਸਾਵਣ।

ਕਿੰਨੇ ਪੰਛੀ ਬੇਘਰ ਕੀਤੇ ਕਿੰਨੇ ਬਿਰਖ਼ ਉਖਾੜੇ,
ਫਿਰ ਵੀ ਸਤਰੰਗੀਆਂ ਪੀਘਾਂ, ਵਾਹ ਤੇਰੀ ਮਾਇਆ ਸਾਵਣ।

ਸਾਵਣ ਦੇ ਵਾਰਸ ਇਹ ਤਕ ਕੇ ਝੂਰ ਰਹੇ ਹੋਣੇ ਨੇ,
ਮੰਗਿਆ ਸੀ ਕਿਸ ਨਾਲ, ਗਿਆ ਕਿਸ ਨਾਲ ਵਿਹਾਇਆ ਸਾਵਣ।

ਛਤਰੀ ਵਾਲੇ ਜਾ ਘਰ ਪਹੁੰਚੇ ਸੀਸ ਸਲਾਮਤ ਲੈ ਕੇ,
ਆਪਾਂ ਨੰਗੇ ਸਿਰ ਤੇ ਗੜਿਆਂ ਨਾਲ ਮਨਾਇਆ ਸਾਵਣ।







ਸਾਵਣ ਦੀ ਉਸ ਪੌਣ ਜਹੀ ਦੇ ਦਿਲ ਤੂੰ ਪੁਛ ਕੇ ਵੇਖੋ,
ਜਿਸ ਨੇ ਬੈਠ ਬਨੇਰੇ ਤੇ ਚੁਪ ਚਾਪ ਲੰਘਾਇਆ ਸਾਵਣ।

ਰਾਤ ਡਰੌਣੀ ਮਨ ਦੇ ਜੁਗਨੂੰ ਪਲ ਪਲ ਜਗਦੇ ਬੁਝਦੇ,
ਸਜਣਾ ਸਾਡਾ ਘੁਟ ਭਰ ਚਲਿਆ ਇਹ ਤਿਰਹਾਇਆ ਸਾਵਣ।

ਤੇਰੇ ਨਗਰੀਂ ਦਸ ਕੈਸਾ ਹੈ ਪਰ ਸਾਡੇ ਤਾਂ ਪਿੰਡੀਂ,
ਤਿੜਕੇ ਬੱਦਲ ਜ਼ਖ਼ਮੀ ਪੌਣਾਂ ਲੈ ਕੇ ਆਇਆ ਸਾਵਣ।

ਕਿਉਂ ਲੋਕਾਂ ਦੇ ਘਰ ਨਾ ਰੋੜ੍ਹੇ ਕਿਉਂ ਊਧਮੂਲ ਨ ਚੁੱਕੇ,
ਕਰ ਕਰ ਸਿਫ਼ਤਾਂ ਕਵੀਆਂ ਜਦ ਐਨਾ ਮਛਰਾਇਆ ਸਾਵਣ।

ਸੋਕੇ ਝੱਲੇ, ਡੋਬੇ ਖਾਧੇ ਹਰ ਸਾਵਣ 'ਪਰਦੇਸੀ'
ਬਿਨ ਗਿਣਿਆਂ ਦਸ ਸਕਦੇ ਹਾਂ ਤਰਵੰਜਵਾਂ ਆਇਆ ਸਾਵਣ।

# ਚਿੱਠੀ

ਸਮੁੰਦਰ ਪਾਰ ਦੀ ਚਿੱਠੀ ਇਹ ਸੋਹਣੇ ਯਾਰ ਦੀ ਚਿੱਠੀ।
ਜਦੋਂ ਵੀ ਆਈ ਹੈ, ਆਈ ਹੈ, ਭੁੱਬਾਂ ਮਾਰਦੀ ਚਿੱਠੀ।

ਹੈ ਕਾਗਜ਼ ਪਾਣੀਓਂ ਪਤਲਾ ਤੇ ਨੰਗੇ ਸ਼ਬਦ ਨੇ ਇਸ ਦੇ,
ਨਾ ਲਿਖਿਆ ਕਰ ਮੇਰੇ ਯਾਰਾ ਤੂੰ ਇਸ ਪਰਕਾਰ ਦੀ ਚਿੱਠੀ।

ਨਿਰ੍ਹੀ ਆਤਿਸ਼ ਹੈ ਸ਼ਬਦਾਂ ਵਿਚ ਕਿ ਅੱਖੀਂ ਪੈ ਗਏ ਛਾਲੇ,
ਨਾ ਆਵੇ ਦੁਸ਼ਮਣਾਂ ਨੂੰ ਵੀ ਅਜੇਹੇ ਪਿਆਰ ਦੀ ਚਿੱਠੀ।

ਦਵਾ ਦੀ ਲੋੜ ਓਦੋਂ ਤਕ ਮਸੀਹਾ ਮੁਕ ਹੀ ਜਾਣੀ ਏਂ,
ਤੇਰੇ ਜਦ ਕੋਲ ਪਹੁੰਚੇਗੀ ਤੇਰੇ ਬੀਮਾਰ ਦੀ ਚਿੱਠੀ।

ਅਸਾਡੀ ਪ੍ਰੀਤ ਦੇ ਵਿਹੜੇ ਨਾਲ ਗੱਡੋ ‘ਸੇਹ ਦਾ ਤਕਲਾ’’,
ਇਹ ਇਸ ਸਰਕਾਰ ਨੂੰ ਆਈ ਹੈ ਇਕ ਫਨਕਾਰ ਦੀ ਚਿੱਠੀ







ਚੁਫ਼ੇਰੇ ਗੰਧ ਨਫ਼ਰਤ ਦੀ ਹੈ ਮੌਸਮ ਤਲਖ਼ੀਆਂ ਭਰਿਆ,
ਲਿਖੋ ਰੁਸੀਆਂ ਬਹਾਰਾਂ ਨੂੰ ਵਫ਼ਾ ਤੇ ਪਿਆਰ ਦੀ ਚਿੱਠੀ।

ਕਦੀ ਲਿਖਦਾ ਸੀ ‘ਪਰਦੇਸੀ’ ਖ਼ਤਾਂ ਵਿਚ ਦਰਦ ਉਲਫ਼ਤ ਦਾ,
ਤੇ ਹੁਣ ਲਿਖਦੈ ਜਦੋਂ, ਲਿਖਦਾ ਹੈ, ਕਾਰੋਬਾਰ ਦੀ ਚਿੱਠੀ।

# ਦਿਨ ਢਲੇ

ਫਿਰ ਕੋਈ ਇਲਜ਼ਾਮ ਲਾਵੋ ਦਿਨ ਢਲੇ!
ਦਾਰ ਤੇ ਸੂਰਜ ਚੜ੍ਹਾਵੋ ਦਿਨ ਢਲੇ।

ਯਾਦ ਆ ਜਾਂਦੈ ਬੁਲਾਉਣਾ ਓਸ ਦਾ,
ਨਾ ਕੋਈ ਮੈਨੂੰ ਬੁਲਾਵੋ ਦਿਨ ਢਲੇ।

ਰਾਤ ਭਰ ਦੀਵੇ ਦੇ ਵਾਂਗੂੰ ਬਲਣ ਦੀ,
ਫਿਰ ਕਸਮ ਝੂਠੀ ਹੀ ਖਾਵੋ ਦਿਨ ਢਲੇ।

ਹਾਸਿਆਂ ਦੀ ਮੌਤ ਦਾ ਗ਼ਮ ਸਭ ਨੂੰ ਹੈ,
ਨਾ ਤੁਸੀਂ ਮਾਤਮ ਮਨਾਵੋ ਦਿਨ ਢਲੇ।

ਆ ਰਿਹਾ ਹੈ ਨ੍ਹੇਰ ਦਿਲ ਰੌਸ਼ਨ ਕਰੋ,
ਧੁੱਪ ਦੇ ਨਾ ਗੀਤ ਗਾਵੋ ਦਿਨ ਢਲੇ।

ਜ਼ਿੰਦਗੀ ਦਾ ਜ਼ਹਿਰ ਪੀਤਾ ਹੈ ਦਿਨੇ,
ਮੌਤ ਦਾ ਅੰਮ੍ਰਿਤ ਪਿਲਾਵੋ ਦਿਨ ਢਲੇ।







ਦਿਨ ਢਲੇ ਡੁੱਬਣ ਨੂੰ ਫਿਰ ਦਿਲ ਕਰ ਰਿਹੈ
ਫਿਰ ਤੁਸੀਂ ਸਾਗਰ ਹੋ ਜਾਵੋ ਦਿਨ ਢਲੇ

ਰਾਤ ਭਰ ਸੁਪਨੇ ਹੰਢਾਉਣੇ ਪੈਣਗੇ,
ਨਾ ਤੁਸੀਂ ਸੁਪਨੇ ਸਜਾਵੋ ਦਿਨ ਢਲੇ।

ਜਿਸ ਤਰ੍ਹਾਂ ਆਉਂਦੇ ਨੇ ਪੰਛੀ ਆਲ੍ਹਣੀਂ,
ਦਿਲ 'ਚ 'ਪਰਦੇਸੀ' ਦੇ ਆਵੋ ਦਿਨ ਢਲੇ।

# ਭਾਫ਼ ਬਣ ਗਿਆ

ਕੀਤੀ ਬੜੀ ਗੁਆਚੀਆਂ ਗ਼ਜ਼ਲਾਂ ਦੀ ਭਾਲ ਮੈਂ।
ਰੀਝਾਂ ਨੂੰ ਅੰਤ ਝਾੜਤਾ ਪਤਝੜ ਦੇ ਨਾਲ ਮੈਂ।

ਏਨਾ ਤਪਾਇਆ ਓਸ ਨੇ ਕੇ ਭਾਫ਼ ਬਣ ਗਿਆਂ,
ਖਾਧੇ ਕਿਸੇ ਦੇ ਇਸ਼ਕ ’ਚ ਐਸੇ ਉਬਾਲ ਮੈਂ।

ਕਿੱਕਰ ਪਹਾੜੀ ਭੱਖੜੇ ਥੋਰ੍ਹਾਂ ਤੇ ਪੋਲ੍ਹੀਆਂ,
ਸੌਂਦਾਂ ਰਿਹਾ ਹਾਂ ਦੇਖ ਲੈ ਕਿਸ ਕਿਸ ਦੇ ਨਾਲ ਮੈਂ।

ਮੂੰਹ ਤੇ ਨਾ ਕਾਲੀ ਲੂੰਈਂ ਸੀ ਹੁਣ ਖਿੜ ਰਹੀ ਕਪਾਹ,
ਗਿਣ ਲੈ ਬਿਤਾਏ ਜਾਗ ਕੇ ਕਿੰਨੇ ਕੁ ਸਾਲ ਮੈਂ।







ਪਲਕਾਂ ਦੇ ਪਾਣੀਆਂ ਵਿਚ ਤੇ ਹਾਸਿਆਂ ਦੇ ਹੇਠ,
ਰੱਖਦਾ ਰਿਹਾਂ ਸੰਭਾਲ ਕੇ ਤੇਰੇ ਖ਼ਿਆਲ ਮੈਂ।

ਪੈਰਾਂ ’ਚ ਪਾ ਕੇ ਬੇੜੀਆਂ ਨੀਂਦਰ ਦੇ ਰਾਤ ਭਰ,
ਸੁਪਨੇ ਅਜੀਬ ਕਿਸਮ ਦੇ ਰੱਖੇ ਸੁਆਲ ਮੈਂ।

ਜੀਵਨ ਦੇ ਸਾਰੇ ਰੰਗ ਹੀ ਬਦਰੰਗ ਹੋ ਗਏ,
ਰੰਗਾਂ ਦੇ ਉਸ ਚਨ੍ਹਾਬ ’ਚ ਮਾਰੀ ਕੀ ਛਾਲ ਮੈਂ।

ਹਸਣਾ ਤੇਰਾ ਅਜੀਬ ਹੈ ਚੁਪ ਵੀ ਤੇਰੀ ਅਜੀਬ,
ਹਰ ਵਕਤ ਤੈਨੂੰ ਵੇਖਿਆ ਬਣਿਆ ਸਵਾਲ ਮੈਂ।

“ਪਰਦੇਸੀਆ” ਤੂੰ ਦੇਸ ਨੂੰ ਕਿਉਂ ਪਰਤਦਾ ਨਹੀਂ?
ਪੁਛਦੇ ਨੇ ਤੇਰੇ ਦੇਸ਼ ਦੇ ਦਿੰਦਾ ਹਾਂ ਟਾਲ ਮੈਂ।

# ਅੰਗਿਆਰ ਖਾ ਰਹੇ ਹਾਂ

ਭੁਖ ਦੀ ਇਹ ਇੰਤਹਾ ਹੈ ਅੰਗਿਆਰ ਖਾ ਰਹੇ ਹਾਂ।
ਸੀਨੇ 'ਚ ਛਾਲਿਆਂ ਦਾ ਸਾਗਰ ਬਣਾ ਰਹੇ ਹਾਂ।

ਛਾ ਚੱਲੀ ਹੈ ਚੁਫ਼ੇਰੇ ਤੇਰੀ ਹਨੇਰ ਗਰਦੀ,
ਤਾਂ ਹੀ ਦੁਪਿਹਰ ਵੇਲੇ ਦੀਵੇ ਜਗਾ ਰਹੇ ਹਾਂ।

ਜਿੰਦੂ ਹੈ ਸੁੱਕ ਚੱਲੀ ਬਰਸਾਤ ਦੇ ਦਿਨਾਂ ਵਿਚ,
ਲੱਗੀ ਹੈ ਔੜ ਏਨੀ ਡੁੱਬਣ ਨੂੰ ਜਾ ਰਹੇ ਹਾਂ।

ਜਮਨਾ ਦਾ ਲਾਲ ਪਾਣੀ ਸਤਿਲੁਜ ਦਾ ਲਾਲ ਪਾਣੀ,
ਦੋਵੇਂ ਹੀ ਵੇਖਦੇ ਹਾਂ ਫਿਰ ਵੀ ਨਹਾ ਰਹੇ ਹਾਂ।

ਚੁਪ ਚਾਪ ਬੈਠ ਯਾ ਫਿਰ ਚੁਪ ਚਾਪ ਤੁਰ ਜਾ ਏਥੋਂ,
ਮਹਿਫ਼ਿਲ ਹੈ ਸ਼ਾਇਰਾਂ ਦੀ ਕਵਿਤਾ ਸੁਣਾ ਰਹੇ ਹਾਂ।

ਸਿਰਨਾਵਿਆਂ ਦਾ ਕੀ ਹੈ ਇਹ ਤਾਂ ਬਦਲ ਨੇ ਜਾਂਦੇ,
ਬਹਿ ਕੇ ਇਹ ਸੋਚ ਲਈਏ ਕਿੱਧਰ ਨੂੰ ਜਾ ਰਹੇ ਹਾਂ।







ਤੇਰੇ ਨਗਰ 'ਚ ਭਾਵੇਂ ਬੰਦਿਸ਼ ਹੈ ਰੌਸ਼ਨੀ ਤੇ,
ਆਪਾਂ ਤਲੀ ਤੇ ਫਿਰ ਵੀ ਸੂਰਜ ਟਿਕਾ ਰਹੇ ਹਾਂ।

ਰੰਗਾਂ ਦੀ ਪ੍ਰੀਤ ਸਾਨੂੰ ਲੈ ਆਈ ਕਿਸ ਪੜਾ ਤੇ,
ਅੱਖੀਆਂ ਨੂੰ ਸੁਪਨਿਆਂ ਦੇ ਠੂਹੇਂ ਲੜਾ ਰਹੇ ਹਾਂ।

ਐਨਾ ਕੁ ਭਾਰ ਹੀ ਨਾ ਘਰ ਨੂੰ ਨਿਘਾਰ ਦੇਵੇ,
ਤਿੜਕੇ ਬਨੇਰਿਆਂ ਤੋਂ ਪੰਛੀ ਉਡਾ ਰਹੇ ਹਾਂ।

ਆਵਾਜ਼ ਆਪਣੀ ਨਾ ਐਵੇਂ ਖ਼ਲਾ 'ਚ ਟੰਗੋ,
ਪਹਿਲਾਂ ਕਰੋ ਇਹ ਨਿਰਣਾ ਕਿਸ ਨੂੰ ਬੁਲਾ ਰਹੇ ਹਾਂ।

"ਪਰਦੇਸੀ" ਜਿਹੜੇ ਹਾਸੇ ਮਹਿਕਾਂ ਖਿਲਾਰਦੇ ਨੇ,
ਉਹਨਾਂ ਹੀ ਹਾਸਿਆਂ ਨੂੰ ਹੰਝੂ ਪਿਲਾ ਰਹੇ ਹਾਂ।

# ਆਥਣ ਨੂੰ

ਲਹਿੰਦੇ ਵਲਿਓਂ ਜਦ ਵੀ ਕੋਈ ਬਦਲੀ ਆਵੇ ਆਥਣ ਨੂੰ।
ਸੂਰਜ ਨਾਲ ਅਸਾਡਾ ਦਿਲ ਵੀ ਡੁਬ-ਡੁਬ ਜਾਵੇ ਆਥਣ ਨੂੰ।

ਦਿਨ ਚੜ੍ਹਦੇ ਵਰਗਾ ਜਦ ਕੋਈ ਨਗ਼ਮਾ ਗਾਵੇ ਆਥਣ ਨੂੰ।
ਵੰਝਲੀ ਵਰਗੇ ਯਾਰ ਦਾ ਚੇਤਾ ਮੁੜ-ਮੁੜ ਆਵੇ ਆਥਣ ਨੂੰ।

ਹਰ ਕੈਦੋਂ ਤੋਂ ਚੋਰੀ ਚੋਰੀ ਜਿਸ ਨੇ ਸੀ ਦਿਲਦਾਰ ਮਿਲਾਉਣਾ,
ਨੀ ਅੱਖੀਓ ਉਹ ਸੁਪਨਾ ਰੁੱਸ ਕੇ ਤੁਰਿਆ ਜਾਵੇ ਆਥਣ ਨੂੰ।

ਡਾਢ੍ਹਾ ਹੀ ਸੋਹਣਾ ਲਗਦਾ ਏ ਇਹ ਵੀ ਤੇਰੇ ਵਾਅਦੇ ਵਾਂਗ,
ਜਦ ਮੇਰਾ ਪਰਛਾਵਾਂ ਲੰਮਾ ਹੁੰਦਾ ਜਾਵੇ ਆਥਣ ਨੂੰ।

ਸਾਰਾ ਦਿਨ ਕਿਰਨਾਂ ਚੋਂ ਕੋਈ ਕਰ-ਕਰ ਕੇ ਜੀਵਨ ਦੀ ਭਾਲ,
ਨਿੱਤ ਕੋਈ ਲਾਟਾਂ ਗਲ ਲਗ-ਲਗ ਮੌਤ ਹੰਢਾਵੇ ਆਥਣ ਨੂੰ।







ਰੁੱਖਾਂ ਦੇ ਪੱਤ ਗਿੱਧਾ ਪਾਉਂਦੇ ਪੌਣਾਂ ਵਿਚ ਸੁਰਤਾਲ ਜਿਹਾ,
ਸਾਡੀ ਬਰਬਾਦੀ ਤੇ ਮੌਸਮ ਜਸ਼ਨ ਮਨਾਵੇ ਆਥਣ ਨੂੰ।

ਮਹਿਫ਼ਿਲ ਤਾਂ ਹੁਣ ਵੀ ਲਗਦੀ ਏ ਹੁਣ ਵੀ ਅਕਸਰ ਹਸਦੇ ਹਾਂ,
ਪਰ ਸਾਥੋਂ ਨਾ ਪਹਿਲਾਂ ਵਾਂਗੂੰ ਹੱਸਿਆ ਜਾਵੇ ਆਥਣ ਨੂੰ।

ਗਿਣਤੀ ਮਿਣਤੀ ਦੇ ਵਿਚ ਅਪਣੀ ਲੰਘਦੀ ਹੈ ਹੁਣ ਸਾਰੀ ਰਾਤ,
ਸਾਡੇ ਵਾਂਗੂੰ ਵੀ ਨਾ ਕੋਈ ਲੁਟਿਆ ਜਾਵੇ ਆਥਣ ਨੂੰ।

ਸਾਰੀ ਰਾਤ ਮਘੇ ਇਹ ਬਸਤੀ ਨਫ਼ਰਤ ਦੇ ਅੰਗਿਆਰਾਂ ਨਾਲ,
ਦੱਸੋ ਕਿੰਜ "ਪਰਦੇਸੀ" ਮੁੜ ਕੇ ਘਰ ਨੂੰ ਆਵੇ ਆਥਣ ਨੂੰ।

# ਕਿੰਨਾ ਉਦਾਸ ਹਾਂ ਮੈਂ।

ਕਿੰਨਾ ਹੁਸੀਨ ਮੌਸਮ ਕਿੰਨਾ ਉਦਾਸ ਹਾਂ ਮੈਂ।
ਤੂੰ ਜ਼ਿੰਦਗੀ ਦੇ ਨੇੜੇ ਪਰ ਮੌਤ ਪਾਸ ਹਾਂ ਮੈਂ।

ਤੇਰਾ ਸੁਹਾਗ ਜੋੜਾ, ਬਣਦਾ, ਨਸੀਬ ਕਿੱਥੇ,
ਚਿੱਟੇ ਕਫ਼ਨ ਦੇ ਵਰਗਾ ਬਣਿਆ ਲਿਬਾਸ ਹਾਂ ਮੈਂ।

ਮੇਰਾ ਹੈ ਕੀ ਭਰੋਸਾ ਕਿਸ ਪਲ ਹੈ ਤਿੜਕ ਜਾਣਾ,
ਪੱਥਰ ਦੇ ਹਥ ਨੇ ਸਾਰੇ ਕਚ ਦਾ ਗਿਲਾਸ ਹਾਂ ਮੈਂ।

ਕੋਈ ਵੀ ਮੈਨੂੰ ਅਪਣੇ ਸਾਹਾਂ ’ਚ ਧਰ ਲਵੇਗਾ,
ਦਾਵਾ ਨਾ ਕਰ ਮੇਰੇ ਤੇ ਫੁੱਲਾਂ ਦੀ ਬਾਸ ਹਾਂ ਮੈਂ।







ਦਰਿਆ ਕਹਾਉਣ ਵਾਲੇ ਹੋਤਾਂ ਦੇ ਯਾਰ ਨਿਕਲੇ,
ਮਾਰੂਥਲਾਂ ’ਚ ਰੁਲਦੀ ਸੱਸੀ ਦੀ ਪਿਆਸ ਹਾਂ ਮੈਂ।

ਦਾਖਲ ਨਾ ਹੋ ਮੇਰੇ ਵਿਚ ਨਫ਼ਰਤ ਦੀ ਅੱਗ ਲੈ ਕੇ,
ਸੀਤਲ ਸੁਭਾ ਨਗਰ ਵਿਚ “ਉਲਫ਼ਤ ਨਿਵਾਸ” ਹਾਂ ਮੈਂ।

‘ਪਰਦੇਸੀ’ ਉਮਰ ਸਾਰੀ ਬੀਤੀ ਕੁੜੱਤਣਾਂ ਵਿਚ,
ਕੌੜੀ ਹਯਾਤ ਭਾਵੇਂ ਫਿਰ ਵੀ ਮਿਠਾਸ ਹਾਂ ਮੈਂ।

# ਜ਼ਮਾਨਾ ਹੋਰ ਹੁੰਦਾ ਸੀ

ਜਦੋਂ ਹਸਦੇ ਹਸਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।
ਅਸੀਂ ਤੇਰੇ ਕਹਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਅਸਾਨੂੰ ਪੈ ਰਿਹੈ ਜੀਣਾ ਛੁਪਾ ਕੇ ਭਿੱਜੀਆਂ ਪਲਕਾਂ,
ਨਿਗਾਹਾਂ ਨੂੰ ਨਚਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਬਦਨ ਅਪਣਾ ਅਸੀਂ ਖ਼ਾਰਾਂ ਨੂੰ ਅਜ-ਕਲ ਸੌਂਪ ਦਿੱਤਾ ਏ,
ਗਲੇ ਕਲੀਆਂ ਨੂੰ ਲਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਬੁਝਾਈਏ ਤੇਹ ਕਿਵੇਂ ਪਾਣੀ ਦਾ ਘੁਟ ਮਿਲਦਾ ਨਹੀਂ ਹੁਣ ਤਾਂ,
ਜਦੋਂ ਦਰਿਆ ਕਹਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।







ਅਸੀਂ ਗੀਤਾਂ ਦੇ ਅਥਰੂ ਹੀ ਨਹੀਂ ਪੂੰਝਣ ਤੋਂ ਹੁਣ ਵਿਹਲੇ,
ਤੇਰੇ ਸੰਗ ਗੀਤ ਗਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਸਨਮ ਹੁਣ ਤੇਰੀਆਂ ਗਲੀਆਂ ਦੇ ਕੱਖਾਂ ਤੋਂ ਵੀ ਡਰਦੇ ਹਾਂ,
ਤੇਰੀ ਮਹਿਫ਼ਿਲ ਸਜਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਪਏ ਰਹਿੰਦੇ ਹਾਂ ਹੁਣ ਤੇ ਰਾਤ ਭਰ ਸੋਚਾਂ 'ਚ "ਪਰਦੇਸੀ"
ਜਦੋਂ ਬਾਤਾਂ ਸੁਣਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

# ਦਿਲ ਦੇ ਟੁਕੜੇ

ਰਹਿੰਦੇ ਹਾਂ ਜੋੜਦੇ ਹੁਣ ਬੇਕਾਰ, ਦਿਲ ਦੇ ਟੁਕੜੇ।
ਤੂੰ ਕਰ ਗਿਆ ਏਂ ਜਦ ਤੋਂ ਦਿਲਦਾਰ, ਦਿਲ ਦੇ ਟੁਕੜੇ।

ਕਵਿਤਾ, ਗ਼ਜ਼ਲ ਜਾਂ ਇਸ ਨੂੰ, ਨਗ਼ਮੇ ਦਾ ਰੂਪ ਸਮਝੋ,
ਮਹਿਫ਼ਿਲ 'ਚ ਪੇਸ਼ ਕਰਦੈ, ਫ਼ਨਕਾਰ, ਦਿਲ ਦੇ ਟੁਕੜੇ।

ਧਰਵਾਸ ਅਪਣੇ ਦਿਲ ਨੂੰ ਕਿਸ ਕੋਲ ਬਹਿ ਕੇ ਦੇਵਾਂ,
ਫ਼ਿਰਦੈ ਕਰਾ ਕੇ ਸਾਰਾ, ਪਰਿਵਾਰ, ਦਿਲ ਦੇ ਟੁਕੜੇ।

ਇਹ ਬੇ-ਜ਼ੁਬਾਨ ਜਜ਼ਬੇ, ਕੀਤੇ ਨੇ ਕਤਲ ਕਿਸ ਨੇ,
ਕਾਤਿਲ ਦਾ ਕਰਨ ਕਿੱਦਾਂ, ਇਜ਼ਹਾਰ, ਦਿਲ ਦੇ ਟੁਕੜੇ।

ਦਿਲ-ਦਿਲ ਦੀ ਖੇਡ ਕੱਚੀ ਉਮਰੇ ਅਜੇਹੀ ਖੇਡੀ,
ਬੈਠਾ ਕਰਾ ਕੇ ਬਹੁਤਾ, ਹੁਸ਼ਿਆਰ, ਦਿਲ ਦੇ ਟੁਕੜੇ।







ਰਾਹਾਂ 'ਚ ਰੁਲ ਰਹੇ ਨੇ, ਮੇਰੀ ਵਫ਼ਾ ਦੇ ਵਾਂਗੂੰ,
ਗਿਰਝਾਂ ਨੇ ਵੀ ਨਾ ਖਾਧੇ, ਬੀਮਾਰ, ਦਿਲ ਦੇ ਟੁਕੜੇ।

"ਪਰਦੇਸੀ" ਕੀ ਪਤਾ ਸੀ, ਪੂਜਾ ਪਵੇਗੀ ਕਰਨੀ,
ਧਾਰਨਗੇ ਮੇਰੇ ਦਿਲ 'ਚੋਂ, ਅਵਤਾਰ, ਦਿਲ ਦੇ ਟੁਕੜੇ।

# ਕਾਲੀਆਂ ਰਾਤਾਂ

ਬਹੁਤ ਹੀ ਗੋਰੀਆਂ ਰਾਤਾਂ, ਬਹੁਤ ਹੀ ਕਾਲੀਆਂ ਰਾਤਾਂ।
ਅਸੀਂ ਬਿਰਹੋਂ ਦੀ ਅੱਗ ਅੰਦਰ ਅਨੇਕਾਂ ਬਾਲੀਆਂ ਰਾਤਾਂ।

ਨਾ ਧਰਤੀ ਤੋਂ ਹੀ ਮਿਲੀਆਂ ਨੇ, ਤੇ ਨਾ ਅਸਮਾਨ ਤੋਂ ਮਿਲੀਆਂ,
ਜੋ ਤੇਰੇ ਨਾਲ ਤੁਰ ਗਈਆਂ ਮੈਂ ਬੜੀਆਂ ਭਾਲੀਆਂ ਰਾਤਾਂ।

ਜਲਾ ਕੇ ਸੁਪਨਿਆਂ ਨੂੰ ਸੇਕਿਆ ਮੈਂ ਸਰਦ ਰਾਤਾਂ ਨੂੰ,
ਬਿਤਾਈਆਂ ਜਾਗ ਕੇ ਤਨਹਾ, ਮੁਸੀਬਤ ਵਾਲੀਆਂ ਰਾਤਾਂ।

ਮੈਂ ਤੈਨੂੰ ਆਪ ਕੀ ਦੱਸਾਂ, ਤੂੰ ਪੁਛ ਲੈ ਦੀਵਿਆਂ ਕੋਲੋਂ,
ਤੇਰੀ ਇਕ ਰਾਤ ਦੇ ਬਦਲੇ, ਮੈਂ ਕਿੰਨੀਆਂ ਟਾਲੀਆਂ ਰਾਤਾਂ।







ਬੜੀ ਹੀ ਤਾਂਘ ਹੁੰਦੀ ਸੀ ਕਦੀ ਹਰ ਰਾਤ ਦੀ ਮੈਨੂੰ,
ਸਮੇਂ ਨੇ ਕੀ ਸਿਤਮ ਕੀਤਾ ਅਨੇਕਾਂ ਗਾਲੀਆਂ ਰਾਤਾਂ।

ਮੁਹੱਬਤ ਦਾ ਸਿਲਾ ਵੇਖੋ ਹੰਢਾ ਕੇ ਚਾਨਣੀ ਮੇਰੀ,
ਉਹ ਜਾਂਦੇ ਕਹਿ ਗਏ ਤੈਨੂੰ, "ਮੁਬਾਰਕ" ਕਾਲੀਆਂ ਰਾਤਾਂ।

ਤੂੰ ਇਹਨਾਂ ਜੋਗਨਾਂ ਖ਼ਾਤਿਰ ਲਿਆ ਸੀ ਜੋਗ "ਪਰਦੇਸੀ"
ਮਗਰ ਆਈਆਂ ਨਾ ਤੇਰੇ ਰਾਸ ਮੁੰਦਰਾਂ ਵਾਲੀਆਂ ਰਾਤਾਂ।

# ਉੱਤੋਂ ਉੱਤੋਂ

ਦਿਲਦਾਰ ਵਾਰਦੇ ਨੇ ਦਿਲ-ਜਾਨ ਉੱਤੋਂ ਉੱਤੋਂ।
ਹੁੰਦੇ ਨੇ ਸਾਡੇ ਉੱਤੇ ਕੁਰਬਾਨ ਉੱਤੋਂ ਉੱਤੋਂ।

ਦਿੱਤੈ ਜੇ ਉਸਨੇ ਸਾਨੂੰ ਵਰਦਾਨ ਉੱਤੋਂ ਉੱਤੋਂ।
ਮੰਨਦੇ ਹਾਂ ਆਪਾਂ ਵੀ ਤਾਂ ਅਹਿਸਾਨ ਉੱਤੋਂ ਉੱਤੋਂ।

ਅੰਦਰ ਸੀ ਭੁੱਖ ਏਨੀ, ਖਾ ਪੀ ਗਏ ਉਹ ਸਭ ਕੁਝ,
ਕਰਦੇ ਨਹੀਂ ਨਹੀਂ ਸੀ ਮਹਿਮਾਨ ਉੱਤੋਂ ਉੱਤੋਂ।

ਆਵੇ ਜਦੋਂ ਮੁਸੀਬਤ ਪੂਛਾਂ ਦਬਾ ਕੇ ਭੱਜਣ,
ਗੱਜਣ ਦਸੌਰੀ ਘਿਉ ਦੇ ਭਲਵਾਨ ਉੱਤੋਂ ਉੱਤੋਂ।

ਸਾਡੀ ਵੀ ਸੀ ਤਮੰਨਾਂ, ਬਹਿ ਕੇ ਉਹ ਕੋਲ ਸਾਡੇ,
ਪਲਕਾਂ ਉਠਾ-ਝੁਕਾ, ਕੇ, ਸ਼ਰਮਾਨ ਉੱਤੋਂ ਉੱਤੋਂ।

ਪੀੜਾਂ ਲੁਕਾ ਕੇ ਇਉਂ ਮੈਂ ਹਸਿਆ ਸਾਂ ਉਸ ਦੇ ਅੱਗੇ,
ਮੰਡੀ ’ਚ ਜਿੱਦਾਂ ਹਸਦੈ, ਕਿਰਸਾਨ, ਉੱਤੋਂ ਉੱਤੋਂ।

ਕੋਈ ਵੀ ਯੁੱਗ ਹੋਵੇ ਕੋਈ ਵੀ ਦੌਰ ਹੋਵੇ,
ਪੂਰਨ ਨੂੰ ਪਿਆਰਦਾ ਹੈ ਸਲਵਾਨ ਉੱਤੋਂ ਉੱਤੋਂ।

ਇਹ ਝੂਠ ਦੇ ਹੀ ਨਾਤੇ ਇਹ ਝੂਠੀਆਂ ਪ੍ਰੀਤਾਂ,
“ਪਰਦੇਸੀ” ਤੂੰ ਵੀ ਕਰ ਲੈ ਪਰਵਾਨ ਉੱਤੋਂ ਉੱਤੋਂ।



# ਬਰਫ਼ਾਂ ਤੇ ਅੰਗਿਆਰੇ

ਬਰਫ਼ਾਂ ਤੇ ਅੰਗਿਆਰੇ ਬਣ ਕੇ ਵਰ੍ਹਦਾ ਹੈ ਰਾਜਿੰਦਰ।
ਵੇਖੋ ਜੀ, ਕੀ ਕੰਮ ਅਵੱਲੇ ਕਰਦਾ ਹੈ ਰਾਜਿੰਦਰ।

ਭੁੱਲ-ਭੁਲੇਖੇ ਹੀ ਇਕ ਦਿਨ ਮੈਂ ਹਸ ਕੇ ਬੋਲ ਪਿਆ ਸੀ,
ਉਸਨੇ ਸੋਚ ਲਿਆ ਮੇਰੇ ਤੇ ਮਰਦਾ ਹੈ ਰਾਜਿੰਦਰ।

ਇਹ ਦੁਖਿਆਰਾ ਬਚਪਨ ਤੋਂ ਹੀ ਭੋਰਾ ਭਰ ਦਿਲ ਉੱਤੇ,
ਪਰਬਤ ਤੋਂ ਵੀ ਭਾਰੇ ਸਦਮੇ ਜਰਦਾ ਹੈ ਰਾਜਿੰਦਰ।

ਚੰਦ ਤਿੜਕਦਾ, ਤਾਰੇ ਟੁਟਦੇ, ਰੁੱਖਾਂ ਦੇ ਪਤ ਝੜਦੇ,
ਜਦ ਵੀ ਸੜਿਆ ਬਲਿਆ ਹਉਕਾ ਭਰਦਾ ਹੈ ਰਾਜਿੰਦਰ।

ਲੱਖਾਂ ਝਖੜਾਂ ਦੇ ਸਿਰ ਪਾੜ ਕੇ ਏਸ ਜਹਾਨੋਂ ਤੋਰੇ,
ਤੇਰੀ ਏਸ ਹਨੇਰੀ ਤੋਂ ਕਦ ਡਰਦਾ ਹੈ ਰਾਜਿੰਦਰ।

ਨ੍ਹੇਰੇ ਦੀ ਛਾਤੀ ਤੇ ਉਕਰੀਂ ਚਾਨਣ ਦੀ ਪਗਡੰਡੀ,
ਚਾਨਣ ਬਾਝੋਂ ਬੰਦੇ ਦਾ ਕਦ ਸਰਦਾ ਹੈ ਰਾਜਿੰਦਰ।

ਕੱਲ੍ਹ ਕਿਸੇ “ਪਰਦੇਸੀ” ਨੇ ਹੈ ਦਰਿਆਵਾਂ ਤੋਂ ਸੁਣਿਆਂ,
ਪੌਣਾਂ ਨੂੰ ਪੈਰਾਂ ਤੇ ਬੰਨ ਕੇ ਤਰਦਾ ਹੈ ਰਾਜਿੰਦਰ।

# ਇਸ਼ਕ ਮੇਰੇ ਦਾ ਦੇਵਤਾ ਹੋਣਾ

ਇਸ਼ਕ ਮੇਰੇ ਦਾ ਦੇਵਤਾ ਹੋਣਾ।
ਹੁਸਨ ਤੇਰੇ ਦਾ ਹੈ ਖ਼ੁਦਾ ਹੋਣਾ।

ਤੇਰਾ ਸਾਵਣ ਦੇ ਵਿਚ ਜੁਦਾ ਹੋਣਾ,
ਮੈਥੋਂ ਹਰਗ਼ਿਜ਼ ਨਹੀਂ ਭੁਲਾ ਹੋਣਾ।

ਤੈਨੂੰ ਗ਼ਜ਼ਲਾਂ ਜਿਹਾ ਬਣਾਉਂਦਾ ਏ,
ਤੇਰਾ ਏਨਾ ਕੁ ਸਾਂਵਲਾ ਹੋਣਾ।

ਤੇਰੀ ਮਹਿਫ਼ਿਲ 'ਚ ਮੈਂ ਤੇ ਆਵਾਂਗਾ,
ਤੇਰੇ ਕੋਲੋਂ ਨਹੀਂ ਬੁਲਾ ਹੋਣਾ।

ਲੈ ਹੀ ਬੈਠੇਗਾ ਜਾਨ ਮੇਰੀ ਨੂੰ,
ਏਦਾਂ ਪਲ-ਪਲ ਤੇਰਾ ਖ਼ਫ਼ਾ ਹੋਣਾ।







ਤੇਰੇ ਗ਼ਮ ਤੋਂ ਸਨਮ ਤੇਰੇ ਵਾਂਗੂੰ,
ਸਾਥੋਂ ਖਹਿੜਾ ਨਹੀਂ ਛੁਡਾ ਹੋਣਾ।

ਮੈਨੂੰ ਤੇਰੀ ਜਫ਼ਾ ਦੀ ਸਹੁੰ ਸਜਣਾਂ,
ਮੇਰੇ ਕੋਲੋਂ ਨਹੀਂ ਗਿਲਾ ਹੋਣਾ।

ਮੈਨੂੰ ਭਾਲਣ ਬਹਾਰ ਆਵੇਗੀ,
ਮੇਰਾ ਕੋਈ ਨਹੀਂ ਪਤਾ ਹੋਣਾ।

ਹਿਜਰ ਤੇਰੇ 'ਚ ਬਣਨਾ ਸੀ ਸ਼ਾਇਰ,
ਸਾਡਾ ਚਰਚਾ ਸੀ ਜਾ-ਬਜਾ ਹੋਣਾ।

ਤੇਰੇ ਵਾਂਗੂੰ ਅੰਗਾਰ ''ਪਰਦੇਸੀ''
ਸਾਥੋਂ ਦਿਲ ਤੇ ਨਹੀਂ ਟਿਕਾ ਹੋਣਾ।

# ਲੁਟਾਉਂਦੇ ਆਏ

ਭਾਵੇਂ ਅਪਣਾ ਆਪ ਲੁਟਾਉਂਦੇ ਆਏ ਹਾਂ।
ਫਿਰ ਵੀ ਯਾਰਾਂ ਨਾਲ ਨਿਭਾਉਂਦੇ ਆਏ ਹਾਂ।

ਉਸ ਨੇ ਹੀ ਮਰਹਮ ਦੀ ਥਾਂ ਤੇ ਲਾਇਆ ਲੂਣ,
ਜਿਸ ਜਿਸ ਨੂੰ ਵੀ ਜ਼ਖ਼ਮ ਵਿਖਾਉਂਦੇ ਆਏ ਹਾਂ।

ਹਿਜਰ ਤੇਰੇ ਦਾ ਤਦ ਹੋਇਆ ਹੈ ਸੂਹਾ ਰੰਗ,
ਇਸ ਨੂੰ ਗਮ ਦੇ ਰੰਗ ਵਿਖਾਉਂਦੇ ਆਏ ਹਾਂ।

ਨੈਣੀਂ ਨੀਰ ਲੁਕਾ ਕੇ ਹਾਸੇ ਵੰਡੇ ਜੋ,
ਆਪਾਂ ਤੇ ਉਹ ਗੀਤ ਸੁਣਾਉਂਦੇ ਆਏ ਹਾਂ।

ਦਰਦਾਂ ਉੱਤੇ ਗ਼ਰਜ਼ਾਂ ਦੇ ਪਰਛਾਵੇਂ ਨੇ,
ਗ਼ਰਜ਼ਾਂ ਹੇਠਾਂ ਦਰਦ ਲੁਕਾਉਂਦੇ ਆਏ ਹਾਂ।







ਕਾਗਜ਼ ਦੇ ਫੁਲ ਵਰਗਾ ਭਾਵੇਂ ਜੀਵਨ ਸੀ,
ਫਿਰ ਵੀ ਆਪਾਂ ਮਹਿਕ ਲੁਟਾਉਂਦੇ ਆਏ ਹਾਂ।

ਰਾਤੀਂ ਏਥੇ ਰੋਜ਼ ਸਜਾ ਕੇ ''ਸੁਪਨ-ਮਹੱਲ'',
ਦਿਨ ਚੜ੍ਹਦੇ ਨੂੰ ਢਾਹਾਂ ਲਾਉਂਦੇ ਆਏ ਹਾਂ।

ਕਬਰਸਤਾਨ ਹੈ ਵਾਕਿਫ਼ ਤਾਂ ਹੀ ''ਪਰਦੇਸੀ''
ਚਾਵਾਂ ਦੇ ਤਾਬੂਤ ਦਬਾਉਂਦੇ ਆਏ ਹਾਂ।

# ਟੁੱਟੇ ਤਾਰਿਆਂ ਵਾਂਗੂੰ

ਜੋ ਬਣ ਕੇ ਚੰਦ ਚਮਕੇ ਸੀ ਉਹ ਟੁੱਟੇ ਤਾਰਿਆਂ ਵਾਂਗੂੰ।
ਖ਼ਲਾ ਅੰਦਰ ਜਦੋਂ ਖਿਲਰੇ ਵਰੇ ਅੰਗਿਆਰਿਆਂ ਵਾਂਗੂੰ।

ਅਸੀਂ ਖ਼ੰਜਰ ਉਠਾਇਆ ਨਾ, ਨਾ ਕੋਈ ਖ਼ੂਨ ਹੀ ਕੀਤਾ,
"ਸਜਾਏ ਮੌਤ" ਦੇ ਦਿੱਤੀ ਤੁਸੀਂ ਹਤਿਆਰਿਆਂ ਵਾਂਗੂੰ।

ਅਸਾਡਾ ਹੋ ਗਿਆ ਜੀਵਨ ਇਹ ਟੁੱਟੀ ਵੰਗ ਦੇ ਵਰਗਾ,
ਅਸੀਂ ਵੰਗਾਂ ਦੇ ਮਾਲਿਕ ਸਾਂ ਕਦੀ ਵਣਜਾਰਿਆਂ ਵਾਂਗੂੰ।

ਕਿਵੇਂ ਧਰਵਾਸ ਧਰ ਲਈਏ ਕਿਵੇਂ ਇਤਬਾਰ ਕਰ ਲਈਏ,
ਕਿ ਇਹ ਇਕਰਾਰ ਵੀ ਤੇਰਾ ਹੈ ਪਹਿਲੇ ਲਾਰਿਆਂ ਵਾਂਗੂੰ।







ਕਿਸੇ ਨੇ ਹਾਰ ਖਾ ਕੇ ਵੀ ਅਜੇ ਹਿੰਮਤ ਨਹੀਂ ਹਾਰੀ,
ਕੋਈ ਜਿਤ ਕੇ ਵੀ ਫਿਰਦਾ ਹੈ ਬੜਾ ਹੀ ਹਾਰਿਆਂ ਵਾਂਗੂੰ।

ਅਸੀਂ ਹੱਥਾਂ ਦਾ ਜਾਦੂ ਹੁਣ ਵਿਖਾਵਾਂਗੇ, ਵਿਖਾਵਾਂਗੇ,
ਇਹ ਅਪਣੇ ਮਹਿਲ ਵੇਖੇਂਗਾ ਤੂੰ ਡਿਗਦੇ ਢਾਰਿਆਂ ਵਾਂਗੂੰ।

ਕਦੀ ਤੂੰ ਬੋਲ "ਪਰਦੇਸੀ" ਦੇ ਜ਼ਾਲਿਮ ਫੜ ਨਹੀਂ ਸਕਦਾ,
ਉਧੇ ਤਾਂ ਬੋਲ ਚਲਦੇ ਨੇ ਸਿਤਮ ਤੇ ਆਰਿਆਂ ਵਾਂਗੂੰ।

# ਨਿਕਲ ਜਾਂਦੇ ਤਾਂ ਚੰਗਾ ਸੀ

ਤੇਰੇ ਦਿਲ ’ਚੋਂ “ਭਲੀ ਪਤ” ਹੀ ਨਿਕਲ ਜਾਂਦੇ ਤਾਂ ਚੰਗਾ ਸੀ।
ਜ਼ਮਾਨੇ ਦੀ ਹਵਾ ਵਾਂਗੂੰ ਬਦਲ ਜਾਂਦੇ ਤਾਂ ਚੰਗਾ ਸੀ।

ਬਿਤਾਈ ਉਮਰ ਕਿਉਂ ਧੁਖ਼ ਧੁਖ਼ ਕੇ ਗਿੱਲੇ ਗੋਹੇ ਦੇ ਵਾਂਗੂੰ,
ਲਟਾ ਲਟ ਸਰਕੜੇ ਵਾਂਗੂੰ ਜੇ ਬਲ ਜਾਂਦੇ ਤਾਂ ਚੰਗਾ ਸੀ।

ਤੇਰੇ ਦਿਲ ਵਿਚ ਸਮਾਉਂਦੇ ਇਉਂ ਪਤਾ ਤੈਨੂੰ ਵੀ ਨਾ ਲਗਦਾ,
ਤੇਰੇ ਸਾਹੀਂ ਸੁਗੰਧੀ ਬਣ ਕੇ ਰਲ ਜਾਂਦੇ ਤਾਂ ਚੰਗਾ ਸੀ।

ਤੇਰੇ ਵਾਂਗੂੰ ਅਸੀਂ ਵੀ ਇਕ ਨਵੀਂ ਦੁਨੀਆਂ ਵਸਾ ਲੈਂਦੇ,
ਵਫ਼ਾ ਦੇ ਪਾਟੂਓਂ ਜੇਕਰ ਨਿਕਲ ਜਾਂਦੇ ਤਾਂ ਚੰਗਾ ਸੀ।

ਖ਼ਬਰ ਤਾਂ ਸੀ ਕਿ ਹੋਵੇਗਾ ਰਕੀਬ ਅੱਜ ਨਾਲ ਉਹਨਾਂ ਦੇ,
ਸਿਆਣਪ ਵਰਤਦੇ ਮਹਿਫ਼ਿਲ ’ਚੋਂ ਟਲ ਜਾਂਦੇ ਤਾਂ ਚੰਗਾ ਸੀ।

ਬੁਢਾਪੇ ਵਿਚ ਨਾ ਰੋ-ਰੋ ਕੇ ਸਜ਼ਾ ਪਾਉਂਦੇ ਮੁਹੱਬਤ ਦੀ,
ਜਵਾਨੀ ਵਿਚ ਹੀ “ਪਰਦੇਸੀ” ਸੰਭਲ ਜਾਂਦੇ ਤਾਂ ਚੰਗਾ ਸੀ।



# ਵਾਂਗੂੰ

ਜਿਉਂਦੇ ਹਾਂ ਜ਼ਿੰਦਗੀ ਨੂੰ ਵੀਰਾਨਿਆਂ ਦੇ ਵਾਂਗੂੰ।
ਜਲਦੇ ਹਾਂ ਸੂਰਜਾ ਵੇ ਪਰਵਾਨਿਆਂ ਦੇ ਵਾਂਗੂੰ।

ਸਾਡੀ ਵੀ ਆਰਜ਼ੂ ਸੀ ਬਣੀਏਂ ਕਲੀ ਦਾ ਮੁਖੜਾ,
ਉਡਦੇ ਹੀ ਫਿਰ ਰਹੇ ਹਾਂ ਕਖ-ਕਾਨਿਆਂ ਦੇ ਵਾਂਗੂੰ।

ਮੈਨੂੰ ਨਹੀਂ ਪਤਾ ਸੀ ਕੇ ਆਪਣੇ ਵੀ ਏਦਾਂ,
ਪੁੱਛਣਗੇ ਹਾਲ ਆ ਕੇ ਬੇਗਾਨਿਆਂ ਦੇ ਵਾਂਗੂੰ।

ਲਾ ਕੇ ਜੋ ਬਹਿ ਗਿਆ ਹਾਂ ਮੈਂ ਰੋਗ ਉਮਰ ਭਰ ਦਾ,
ਇਹ ਜਾਪਦਾ ਹੈ ਹੁਣ ਤਾਂ ਨਜ਼ਰਾਨਿਆਂ ਦੇ ਵਾਂਗੂੰ।

ਏਨੀ ਖ਼ਬਰ ਸੀ ਕਿਸ ਨੂੰ ਆਵੇਗੀ ਰਾਤ ਐਸੀ,
ਦੇਵੇਗੀ ਦਿਨ ਅਸਾਂ ਨੂੰ ਹਰਜਾਨਿਆਂ ਦੇ ਵਾਂਗੂੰ।

“ਪਰਦੇਸੀ” ਸ਼ਹਿਰ, ਪਿੰਡੀਂ, ਕਸਬੀਂ ਗਲੀ ਗਲੀ ਚੋਂ,
ਭਾਲੇਂਗਾ ਉਸ ਨੂੰ ਕਦ ਤਕ ਦੀਵਾਨਿਆਂ ਦੇ ਵਾਂਗੂੰ।

# ਸੁਪਨੇ ਹੋਏ ਲੀਰਾਂ

ਇਸ਼ਕ ਤੇਰੇ ਨੇ ਸਾਨੂੰ ਸਜਣਾ, ਕੀ ਕੀ ਰੰਗ ਵਿਖਾਏ।
ਦਿਲ ਸਾਡੇ ਨੂੰ ਨੰਗੇ ਪੈਰੀਂ, ਥੋਰੀਂ ਨਾਚ ਨਚਾਏ।

ਆਸਾਂ ਟੁੱਟੀਆਂ, ਝਾਕਾਂ ਮੁੱਕੀਆਂ, ਸੁਪਨੇ ਹੋਏ ਲੀਰਾਂ,
ਵੈਰੀ ਹੋਈ ਦੁਨੀਆਂ ਸਾਰੀ, ਹੋ ਗਏ ਯਾਰ ਪਰਾਏ।

ਭੂਤਾਂ ਵਾਂਗੂੰ ਲਗਦਾ ਤੈਨੂੰ, ਹੁਣ ਉਸ ਦਾ ਪਰਛਾਵਾਂ,
ਜਿਸ ਬੰਦੇ ਨੇ ਤੇਰੀ ਖ਼ਾਤਿਰ, ਲੱਖਾਂ ਵੈਰ ਵਿਹਾਏ।

ਧੁਖਦੇ ਦਿਨ ਹਰ ਰਾਤ ਵੀ ਧੁਖਦੀ, ਧੂੰ ਦੇ ਵਗਣ ਵਰੋਲੇ,
ਚੇਤਨਤਾ ਦੇ ਖੰਭ ਧੁਆਂਖੇ, ਬਿਰਹਾ ਕਹਿਰ ਕਮਾਏ।

ਤੜਫਣ ਰੁੱਤਾਂ ਸਹਿਕਣ ਵਾਵਾਂ, ਬਣ ਗਏ ਬਾਗ਼ ਉਜਾੜਾਂ,
ਜ਼ਖ਼ਮੀ ਕੋਇਲ ਕੂਕਾਂ ਜ਼ਖ਼ਮੀ, ਕੈਦੀ ਸਭ ਹਮਸਾਏ।









ਟੁੱਟ ਗਏ ਫੁੱਲ ਲਗ਼ਰ ਦੇ ਨਾਲੋਂ, ਖ਼ੂਨੀ ਝੱਖੜ ਝੁੱਲੇ,
ਰੁੱਖਾਂ ਸੰਗ ਲਿਪਟ ਕੇ ਮਾਲੀ, ਛਮ ਛਮ ਨੀਰ ਵਹਾਏ।

ਚੁੱਪ ਚੁਪੀਤਾ ਦਰਦ ਜਰੇ ਜੋ, ਸਮਝਣ ਲੋਕੀਂ ਝੱਲਾ,
ਪਾਗ਼ਲ ਕਹਿ ਕੇ ਪੱਥਰ ਮਾਰਨ, ਜੇਕਰ ਸ਼ੋਰ ਮਚਾਏ।

"ਪਰਦੇਸੀ" ਦਾ ਖ਼ੂਨ ਉਧੇ ਜਦ, ਹੱਥੀਂ ਲੱਗਿਆ ਤੱਕਣ,
ਲੋਕੀਂ ਆਖਣ ਸ਼ਗਨਾਂ ਦਾ ਦਿਨ, ਸਭਨਾਂ ਦੇ ਘਰ ਆਏ।

# ਨੀਲੇ ਲਾਲ ਹਰੇ

ਰੰਗਪੁਰ ਵਾਲਿਆਂ ਫੁੱਲ ਚੁਰਾ ਲਏ ਨੀਲੇ, ਲਾਲ ਹਰੇ।
ਆਪਾਂ-ਅਪਣੇ ਜ਼ਖ਼ਮ ਸਜਾ ਲਏ ਨੀਲੇ, ਲਾਲ, ਹਰੇ।

ਗੋਰੀ ਮੋਮਬੱਤੀ ਦਾ ਵੇਖ ਕੇ ਸਰਘੀ ਵਰਗਾ ਚਾਨਣ,
ਮੋਮਬੱਤੀਆਂ ਨੇ ਰੰਗ ਵਟਾ ਲਏ ਨੀਲੇ, ਲਾਲ, ਹਰੇ।

ਇਹ ਕੀ ਜਾਨਣ ਛਲ ਜਾਂਦੇ ਨੇ ਰੰਗਾਂ ਦੇ ਪਰਛਾਵੇਂ,
ਕੁੜੀਆਂ ਨੇ ਲੀੜੇ ਰੰਗਵਾ ਲਏ ਨੀਲੇ, ਲਾਲ, ਹਰੇ।

ਰੰਗਾਂ ਦੀ ਚਾਹਤ ਬਦਲੇ ਜਦ ਸੂਲੀ ਟੰਗੀਆਂ ਚਿੜੀਆਂ,
ਗੋਰਕੁਨਾਂ ਨੇ ਖ਼ਾਬ ਸਜਾ ਲਏ ਨੀਲੇ, ਲਾਲ, ਹਰੇ।

ਦੁਧ ਪਥਰੀ ਵਰਗੇ ਲੋਕਾਂ ਨੂੰ ਖ਼ਬਰੇ ਕੀ ਵਾ ਵੱਗੀ,
ਸਭਨਾਂ ਨੇ ਸ਼ੀਸ਼ੇ ਲਗਵਾ ਲਏ ਨੀਲੇ, ਲਾਲ, ਹਰੇ।

ਭਗਤਾਂ ਦੀ ਸੂਚੀ ਵਿਚ ਜਦ ਤੋਂ ਬਗਲੇ ਹੋ ਗਏ ਸ਼ਾਮਲ,
ਭਗਤਾਂ ਨੇ ਚੋਲੇ ਬਣਵਾ ਲਏ ਨੀਲੇ ਲਾਲ ਹਰੇ।







ਇਕ ਵੀ ਰੰਗ ਨਾ ਤੇਰੇ ਵਰਗਾ ਰੰਗਾਂ ਦੀ ਬਸਤੀ ਵਿਚ,
ਲੋਕਾਂ ਨੇ ਲੱਖ ਰੰਗ ਅਪਣਾ ਲਏ ਨੀਲੇ, ਲਾਲ, ਹਰੇ।

ਰੰਗਾਂ ਦੀ ਖ਼ਾਤਰਦਾਰੀ ਵਿਚ ਉਮਰ ਵਿਹਾ ਕੇ ਸਾਰੀ,
ਚਿੱਟੇ ਦਿਨ ਮੈਂ ਵੈਰ ਵਿਹਾ ਲਏ ਨੀਲੇ, ਲਾਲ, ਹਰੇ।

'ਪਰਦੇਸੀ' ਇਸ ਸ਼ਹਿਰ ਦੇ ਲੋਕੀਂ ਦਿਲ ਦੇ ਡਾਢੇ ਕਾਲੇ,
ਵੇਖਣ ਨੂੰ ਬਸ ਚਿਹਰੇ ਲਾ ਲਏ ਨੀਲੇ, ਲਾਲ, ਹਰੇ।

# ਗੀਤ ਕੋਈ ਹੁਣ

ਗੀਤ ਕੋਈ ਹੁਣ ਇਸ ਟਿੱਲੇ ਤੇ ਗਾਉਂਦਾ ਨਈਂ।
ਸ਼ਹਿਨਾਈਆਂ ਦਾ ਮੌਸਮ ਤਾਂ ਹੀ ਆਉਂਦਾ ਨਈਂ।

ਮੰਨਿਆ ਕੇ ਹੈ ਸਰਵ ਸਰੇਸ਼ਟ ਦਰਦ ਤੇਰਾ,
ਪਰ ਕੋਈ ਦਰਦਾਂ ਨੂੰ ਇਉਂ ਸਹਿਲਾਉਂਦਾ ਨਈਂ।

ਯਾਦਾਂ ਨੇ ਹੀ ਭੜਥੂ ਪਉਣਾ ਹੁੰਦਾ ਏ,
ਇਸ ਕਰਕੇ ਮੈਂ ਸ਼ੀਸ਼ੇ ਸਾਵ੍ਹੇਂ ਆਉਂਦਾ ਨਈਂ।

ਕਰ ਸਕਦੇ ਹਾਂ ਖੁਸ਼ਬੂ ਦਾ ਵਿਸਥਾਰ ਮਗਰ,
ਜ਼ਾਲਿਮ ਰੁੱਤ ਹੈ ਫੁੱਲ ਕੋਈ ਮੁਸਕਾਉਂਦਾ ਨਈਂ।

ਨਾ ਸਤਿਰੰਗੀ ਪੀਂਘ ਉਹ ਨਾ ਉਹ ਤੂੰ ਤੇ ਮੈਂ,
ਕਿਉਂ ਸੋਚੇਂ ਮੌਸਮ ਹਾਸੇ ਵਰਤਾਉਂਦਾ ਨਈਂ।







ਖ਼ਬਰੇ ਕਦ ਚੜ੍ਹਦਾ ਕਿਸ ਵੇਲੇ ਛਿਪਦਾ ਹੈ,
ਵਿਰਲਾਂ ਥਾਣੀਂ ਅਜ-ਕਲ ਚਾਨਣ ਆਉਂਦਾ ਨਈਂ।

ਨੀਂਦ ਨਹੀਂ ਹੈ ਅਉਂਦੀ ਇਹ ਸਭ ਗੱਪਾਂ ਨੇ
ਸੱਚ ਤਾਂ ਇਹ ਹੈ ਸੁਪਨਾ ਹੀ ਕੋਈ ਆਉਂਦਾ ਨਈਂ।

ਕਿਹੜੇ ਕੰਮ ਇਹ ਸੋਹਣੇ ਸੋਹਣੇ ਦਰਵਾਜੇ,
ਜਦ ਕੋਈ 'ਪਰਦੇਸੀ' ਹੀ ਖੜਕਾਉਂਦਾ ਨਈਂ।

# ਰੁਤਬਾ ਬੁਲੰਦ ਹੋਵੇ

ਮਹਿਕੋ ਤੇ ਮੁਸਕਰਾਓ, ਰੁਤਬਾ ਬੁਲੰਦ ਹੋਵੇ।
ਮੰਜ਼ਿਲ ਹਜ਼ੂਰ ਪਾਓ, ਰੁਤਬਾ ਬੁਲੰਦ ਹੋਵੇ।

ਰੰਗਾਂ ਦੀ ਪ੍ਰੀਤ ਮਾਣੋ ਹਰ ਰੋਜ਼ ਖੇਡੋ ਹੋਲੀ।
ਬਣ ਕੇ ਗੁਲਾਲ ਛਾਓ ਰੁਤਬਾ ਬੁਲੰਦ ਹੋਵੇ।

ਵਸਲਾਂ ਦੇ ਝੂਲਿਆਂ ਨੂੰ ਮਾਣੋ ਹਜ਼ਾਰ ਬਰਸਾਂ,
ਉਲਫ਼ਤ ਦੇ ਗੀਤ ਗਾਓ ਰੁਤਬਾ ਬੁਲੰਦ ਹੋਵੇ।

ਧਰਤੀ ਦੀ ਮਾਂਗ ਭਰ ਕੇ ਵੰਡੋ ਜਨਾਬ ਖੁਸ਼ੀਆਂ,
ਹਾਸੇ ਲੁਟਾਉਂਦੇ ਜਾਓ, ਰੁਤਬਾ ਬੁਲੰਦ ਹੋਵੇ।







ਜਦ ਜਦ ਵੀ ਗੁਣਗੁਣਾਓ ਨਗਮੇਂ ਫਿਜ਼ਾ ਚ ਗੂੰਜਣ
ਗੀਤਾਂ ਦੀ ਪ੍ਰੀਤ ਪਾਓ, ਰੁਤਬਾ ਬੁਲੰਦ ਹੋਵੇ।

ਧਰਤੀ ਦਾ ਨਿੱਘ ਹਰ ਪਲ ਬਿਰਖਾਂ ਦੀ ਸਾਂਝ ਹਰਦਮ
ਅੰਬਰ ਤੇ ਪੀਂਘ ਪਾਓ, ਰੁਤਬਾ ਬੁਲੰਦ ਹੋਵੇ।

ਸਭ ਨੂੰ ਨਸੀਬ ਹੋਵੇ "ਪਰਦੇਸੀ" ਦੇਸ਼ ਅਪਣਾ,
ਜਦ ਵੀ ਘਰਾਂ ਨੂੰ ਆਓ ਰੁਤਬਾ ਬੁਲੰਦ ਹੋਵੇ।

# ਪੈਗ਼ਾਮ ਹੈ ਯਾਰੋ

ਕਿਵੇਂ ਮੰਨਾਂ ਕਿ ਏਥੇ ਜ਼ਿੰਦਗੀ ਪੈਗ਼ਾਮ ਹੈ ਯਾਰੋ।
ਕਿ ਜਿੱਥੇ ਜ਼ਿੰਦਗੀ ਜੀਣੀ ਵੀ ਇਕ ਇਲਜ਼ਾਮ ਹੈ ਯਾਰੋ।

ਅਸੀਂ ਬੇ-ਗਾਨਿਆਂ ਮਹਿਲਾਂ ਦੇ ਭਾਵੇਂ ਨਾਮ ਰਖ ਦਿੱਤੇ,
ਅਸਾਡਾ ਆਪਣਾ ਤੇ ਝੌਂਪੜਾ ਬੇ-ਨਾਮ ਹੈ ਯਾਰੋ।

ਮੇਰੇ ਕੁਝ ਯਾਰ ਨਿਕਲੇ ਦੋਸਤੀ ਦੇ ਅਰਥ ਤੋਂ ਊਣੇ,
ਕਿਵੇਂ ਮੈਂ ਕਹਿ ਦਿਆਂ ਫਿਰ ਦੋਸਤੀ ਨਾਕਾਮ ਹੈ ਯਾਰੋ।

ਬੁਰਾ ਆਖੋ, ਭਲਾ ਆਖੋ, ਅਸੀਂ ਇਹ ਗ਼ਮ ਨਹੀਂ ਕਰਦੇ,
ਕਿਸੇ ਵੀ ਰੂਪ ਵਿਚ ਚਰਚਾ ਤਾਂ ਸਾਡਾ ਆਮ ਹੈ ਯਾਰੋ।

ਤੁਹਾਡੀ ਰੌਸ਼ਨੀ ਤੇ ਮਾਣ ਆਪਾਂ ਕਿਸ ਤਰ੍ਹਾਂ ਕਰੀਏ,
ਜਦੋਂ ਸਾਡੀ ਹਨੇਰੀ ਬੀਤਦੀ ਹਰ ਸ਼ਾਮ ਹੈ ਯਾਰੋ।

ਜੋ ਰਾਤੀਂ ਰੋਜ਼ ਛਲਦਾ ਹੈ ਕਿਸੇ ਸੀਤਾ ਨੂੰ "ਪਰਦੇਸੀ",
ਸਵੇਰੇ ਪੁੱਛ ਲੈਣਾ ਨਾਮ ਇਸ ਦਾ ਰਾਮ ਹੈ ਯਾਰੋ।



# ਇਸ਼ਾਰਾ ਕਰ ਗਿਆ

ਵਾ-ਵਰੋਲਾ ਕੀ ਇਸ਼ਾਰਾ ਕਰ ਗਿਆ।
ਟੁੱਟਿਆਂ ਖੰਭਾਂ 'ਚ ਜਾਦੂ ਭਰ ਗਿਆ।

ਧੂੜ ਉੱਡੀ ਰਾਹ 'ਚੋਂ ਅਸਮਾਨ ਨੂੰ,
ਕਾਫ਼ਲਾ ਨ੍ਹੇਰੀ ਸਮਝ ਕੇ ਡਰ ਗਿਆ।

ਲਹਿਰ ਦਾ ਮੱਥਾ ਵੀ ਤਾਂ ਭੱਜਾ ਹੈ, ਨਾਲ,
ਫੇਰ ਕੀ ਹੈ ਜੇ ਕਿਨਾਰਾ ਖ਼ਰ ਗਿਆ।

ਜਾਗਿਆ ਜਦ ਨੀਂਦ 'ਚੋਂ ਤਾਂ ਵੇਖਿਆ,
ਚੰਦ ਹਰ ਤਾਰੇ ਤੋਂ ਪਹਿਲਾਂ ਮਰ ਗਿਆ।

ਦੁਧ ਪਿਲਾਏ ਜਿਸ ਨੂੰ ਹੱਥੀਂ ਆਪ ਮੈਂ,
ਡੰਗ ਉਸੇ ਨਾਗ਼ਿਨ ਦਾ ਘਾਇਲ ਕਰ ਗਿਆ।

ਹਰ ਕਿਸੇ ਨੂੰ ਆਪਣੀ ਹੀ ਆਪਣੀ,
ਪਰ ਕਿਸੇ ਦੇ ਵਾਸਤੇ ਮੈਂ ਮਰ ਗਿਆ।

ਪਾਲਦਾ ਹੀ ਰਹਿ ਗਿਉਂ "ਪਰਦੇਸੀ" ਤੂੰ,
ਹਰ ਖ਼ੁਸ਼ੀ ਨੂੰ ਬੋਕ ਗ਼ਮ ਦਾ ਚਰ ਗਿਆ।

# ਭੁਲਦਾ ਹੈ

ਮਰ ਕੇ ਵੀ ਕਦ ਜੀਵਨ ਉਸ ਨੂੰ ਭੁਲਦਾ ਹੈ।
ਬਾਲਣ ਬਾਝੋਂ ਮੁਰਦਾ ਜਿਸ ਦਾ ਰੁਲਦਾ ਹੈ।

ਆਪਣਿਆਂ ਤੋਂ ਉਠਦਾ ਹੈ ਵਿਸ਼ਵਾਸ ਉਦੋਂ,
ਭੇਤ ਜਦੋਂ ਗ਼ੈਰਾਂ ਦੇ ਮੂੰਹੋਂ ਖੁਲ੍ਹਦਾ ਹੈ।

ਮਹਿਕਾਂ ਕੈਦਾਂ ਕੱਟਣ, ਗੁਲਸ਼ਨ ਸੂਲੀ ਤੇ,
ਬਾਗ਼ੀਂ ਝੰਡਾ ਆਜ਼ਾਦੀ ਦਾ ਝੂਲਦਾ ਹੈ।

ਬਦਲਾਂਗੇ ਰੰਗ ਇਸ ਧਰਤੀ ਦਾ ਬਦਲਾਂਗੇ,
ਮਜ਼ਲੂਮਾਂ ਦਾ ਖ਼ੂਨ ਚਿਰਾਂ ਤੋਂ ਡੁਲ੍ਹਦਾ ਹੈ।

ਚਾਨਣ ਹਾਸਿਲ ਆਖ਼ਿਰ ਨੂੰ ਕਰ ਲੈਂਦਾ ਏ,
ਨਾਲ ਹਨੇਰੇ ਦੇ ਜੋ ਬੰਦਾ ਘੁਲਦਾ ਹੈ।

ਮੈਨੂੰ ਫ਼ੜਨਾ ਚਾਹੁੰਨੈਂ ? ਮੇਰੀ ਛਾਂ ਹੀ ਫੜ,
ਵੇਖ਼ ਲਵੀਂ ਫਿਰ ਕੇਹਾ ਝੱਖੜ ਝੁਲਦਾ ਹੈ।

ਰੂਪ ਤੁਸੀਂ ਹੁਣ ਵੇਖੋਗੇ "ਪਰਦੇਸੀ" ਦਾ,
ਚਿਣਗਾਂ ਦੇ ਤੱਕੜ ਵਿਚ ਜਿਹੜਾ ਤੁਲਦਾ ਹੈ।



# ਅੱਗਾਂ ਦੇ ਰੂਪ

ਅੱਗਾਂ ਦੇ ਰੂਪ ਜ਼ਾਲਿਮ ਅਸ਼ਕਾਂ, ਜਦੋਂ ਵੀ ਧਾਰੇ।
ਸੜਨੇ ਨੇ ਮਹਿਲ ਤੇਰੇ ਸੜ ਜਾਣਗੇ ਚੁਬਾਰੇ।

ਕਰਦਾ ਖ਼ਿਆਲ ਪਹਿਲੋਂ ਸ਼ੀਸ਼ੇ ਦਾ ਘਰ ਸੀ ਤੇਰਾ,
ਸਾਡੀ ਕਮਰ ਤੇ ਜ਼ਾਲਿਮ ਪੱਥਰ ਜਦੋਂ ਸੀ ਮਾਰੇ।

ਇਸ ਸ਼ਹਿਰ ਵਿਚ ਨੇ ਰਹਿੰਦੇ ਪੱਥਰ ਦੇ ਲੋਕ ਯਾਰੋ,
ਕੋਈ ਕਿਸੇ ਦੇ ਅੱਗੇ ਨਾ ਬੇਨਤੀ ਗੁਜ਼ਾਰੇ।

ਹਰ ਰਾਤ ਆਪਣੀ ਹੁਣ, ਰੌਸ਼ਨ ਕਰਾਂਗੇ ਆਪੇ,
ਸਾਨੂੰ ਤੇ ਖਾ ਗਏ ਨੇ ਇਹ ਚੰਦ ਇਹ ਸਿਤਾਰੇ।

ਮੇਰੀ ਹੈ ਬਾਤ ਸਭ ਨੇ ਸੁਣਨੀ ਤੇ ਫੇਰ ਪਾਉਣੀ,
ਤੇਰੀ ਹੀ ਬਾਤ ਦੇ ਨਾ ਦੇਣੇ ਕਿਸੇ ਹੁੰਗਾਰੇ।

ਤੇਰੇ ਸਿਤਮ ਦੀ ਤੈਨੂੰ ਖ਼ੁਦ ਹੀ ਸਜ਼ਾ ਦਿਆਂਗੇ,
ਛਡਣਾ ਅਸੀਂ ਨਾ ਤੈਨੂੰ ਭਗਵਾਨ ਦੇ ਸਹਾਰੇ।

ਬੇੜੀ 'ਚ ਉਹ ਹੀ ਬੈਠੇ ਬੰਦਾ, ਜੋ ਤਰਨ ਜਾਣੇ,
ਦਿਸਦੈ ਮਲਾਹ ਨੇ ਸਾਨੂੰ ਲਾਉਣਾ ਨਹੀਂ ਕਿਨਾਰੇ।

ਉਹਨਾਂ ਨੂੰ ਦੇ ਰਹੇ ਨੇ ਉਹ ਮੌਤ ਦੇ ਡਰਾਵੇ,
"ਪਰਦੇਸੀ" ਪਹਿਲਾਂ ਹੀ ਜੋ ਹਨ ਜ਼ਿੰਦਗੀ ਦੇ ਮਾਰੇ।

# ਦਰਿਆਵਾਂ ਨਾਲ

ਜਦ ਤੋਂ ਯਾਰੀ ਲਾਈ ਹੈ ਦਰਿਆਵਾਂ ਨਾਲ।
ਵਾਹ ਪੈਂਦਾ ਰਹਿੰਦਾ ਹੈ ਰੋਜ਼ ਬਲਾਵਾਂ ਨਾਲ।

ਗ਼ੈਰਾਂ ਨੂੰ ਤਾਂ ਛੱਡੋ ਜਿਹੜਾ ਅਪਣਾ ਹੈ,
ਨ੍ਹੇਰੇ ਵਿਚ ਕਦ ਰਹਿੰਦਾ ਹੈ ਪਰਛਾਵਾਂ ਨਾਲ।

ਉਹ ਦਿਨ ਮੈਨੂੰ ਯਾਦ ਜਦੋਂ ਆ ਜਾਂਦਾ ਏ,
ਪੁੱਛੋ ਨਾ ਕੀ ਬੀਤੇ ਮੇਰੇ ਸ੍ਵਾਵਾਂ ਨਾਲ।

ਵੇਖੋ ਇਹ ਰੁੱਖਾਂ ਦੇ ਕੇਹੇ ਵੈਰੀ ਨੇ,
ਰਿਸ਼ਤਾ ਵੀ ਰਖਦੇ ਨੇ ਜਿਹੜੇ ਛਾਵਾਂ ਨਾਲ।

ਚੁੱਲ੍ਹਾ ਗਰਮ ਕਰੇ ਬਿਨ ਹੀ ਸੌਂ ਜਾਂਦੇ ਹਾਂ,
ਬਾਜ਼ਾਰੋਂ ਜਦ ਰਜ ਕੇ ਆਈਏ ''ਭਾਵਾਂ'' ਨਾਲ।







ਅਪਣੇ ਜਜ਼ਬੇ ਦਫ਼ਨਾ ਕੇ ਤੁਰ ਚੱਲੇ ਹਾਂ,
ਸ਼ਹਿਰ ਤੇਰੇ ਆਏ ਸਾਂ ਲੱਖਾਂ ਚਾਵਾਂ ਨਾਲ।

ਮੇਰੇ ਨਾਲ ਤੂੰ ਤੁਰਨੋਂ ਪਹਿਲਾਂ ਸੋਚ ਲਵੀਂ,
ਮੇਰਾ ਰਿਸ਼ਤਾ ਹੈ ਤਪਦੇ ਸਹਿਰਾਵਾਂ ਨਾਲ।

ਕੈਦੀ ਬਣ ਕੇ ਰਹਿ ਜਾਵੇਂਗਾ ''ਪਰਦੇਸੀ'',
ਬੱਝ ਗਿਓਂ ਜਿਸ ਦਿਨ ਵੀ ਚਾਰ ਕੁ ਲਾਵਾਂ ਨਾਲ।

# ਚੇਤਨਾ ਮੇਰੀ

ਚੇਤਨਾ ਮੇਰੀ ਹੈ ਯਾਰੋ ਜਾਗਦੀ।
ਮੈਂ ਸਿਰੀ ਐਵੇਂ ਨਾ ਪਕੜੀ ਨਾਗ ਦੀ।

ਸੁਣ ਰਹੇ ਹਨ ਲੋਕ ਹੁਣ ਬੋਲੇ ਨਹੀਂ,
ਕੀ ਕਹੇ ਤੂਤੀ ਤੁਹਾਡੇ ਰਾਗ ਦੀ।

ਕਿਰਤੀਆ ਹੁਣ ਹੈ ਸਮਾਂ ਕੁਝ ਕਰਨ ਦਾ,
ਪਕੜ ਲੈ ਰੱਸੀ ਸਮੇਂ ਦੀ ਵਾਗ ਦੀ।

ਯਾਦ ਤਾਂ ਆਉਂਦੀ ਹੈ ਤੇਰੇ ਜ਼ੁਲਮ ਦੀ,
ਜੇ ਨਹੀਂ ਹੈ ਪੀੜ ਹੁੰਦੀ ਦਾਗ਼ ਦੀ।

ਬੋਟ ਖੰਭਾਂ ਹੇਠ ਰੱਖੋ ਪੰਛੀਓ,
ਲੈ ਰਹੇ ਜ਼ਾਲਿਮ ਤਲਾਸ਼ੀ ਬਾਗ਼ ਦੀ।





# ਪੀਤੇ ਜਾਮ ਬੜੇ

ਜਿਸ ਦੇ ਗ਼ਮ ਵਿਚ ਭਰ ਭਰ ਪੀਤੇ ਜਾਮ ਬੜੇ।
ਉਸ ਦੇ "ਨਾਂ" ਦੇ ਨਾਲ ਜੁੜੇ ਹੁਣ ਨਾਮ ਬੜੇ।

ਪਹਿਲਾਂ ਸੌ ਰਾਧਾਵਾਂ ਦਾ ਸੀ ਇੱਕੋ ਸ਼ਾਮ,
ਹੁਣ ਇਕ ਰਾਧਾ ਦੇ ਮੈਂ ਵੇਖੇ ਸ਼ਾਮ ਬੜੇ।

ਤੇਰੇ ਕਾਰਨ ਹੋ ਚੱਲੇ ਮਸ਼ਹੂਰ ਅਸੀਂ,
ਤੇਰੇ ਸਦਕੇ ਹੋਏ ਸਾਂ ਬਦਨਾਮ ਬੜੇ।

ਨੀਂਦ ਕਦੀ ਨਾ ਆਈ ਪਹਿਰਾ ਚਿੰਤਾ ਦਾ,
ਕਹਿਣ ਨੂੰ ਹਨ ਇਸ ਬਸਤੀ ਵਿਚ ਆਰਾਮ ਬੜੇ।

ਰੁਕ ਜਾ ਮੌਤੇ ਸ਼ਾਇਦ ਉਹ ਹੁਣ ਆ ਹੀ ਜਾਣ,
ਸਜਣਾਂ ਦੇ ਵਲ ਭੇਜੇ ਹਨ ਪੈਗ਼ਾਮ ਬੜੇ।

ਨਾਮ ਅਵੱਲੇ ਦਿੱਤੇ ਲੋਕਾਂ ''ਪਰਦੇਸੀ''
ਤੂੰ ਅਫ਼ਸਾਨੇ ਰੱਖੇ ਸਨ ਬੇਨਾਮ ਬੜੇ।



# ਗਲੀਆਂ ਤੇਰੇ ਸ਼ਹਿਰ ਦੀਆਂ

ਕੁਕੜਾਂ ਨੇ ਜਦ ਬਾਂਗ਼ਾਂ ਦਿੱਤੀਆਂ ਰਾਤੀਂ ਪਿਛਲੇ ਪਹਿਰ ਦੀਆਂ।
ਮੈਨੂੰ ਚੇਤੇ ਆਈਆਂ ਸੱਜਣਾਂ ਗਲੀਆਂ ਤੇਰੇ ਸ਼ਹਿਰ ਦੀਆਂ।

ਚੰਗਾ ਸੀ ਜੇ ਮਾਰ ਮੁਕਾਉਂਦੇ ਦਰਦਾਂ ਤੋਂ ਬਚ ਜਾਂਦਾ ਮੈਂ,
ਕਾਹਨੂੰ ਦਿਤੀਆਂ ਤੇਰੇ ਲੋਕਾਂ ਪੁੜੀਆਂ ਨਕਲੀ ਜ਼ਹਿਰ ਦੀਆਂ।

ਮੇਰਾ ਹੀ ਪਰਛਾਵਾਂ ਮੈਥੋਂ ਰਹਿੰਦਾ ਹੈ ਕੁਝ ਦੂਰੀ ਤੇ,
ਸ਼ਹਿਰ ਤੇਰੇ 'ਚੋਂ ਲੈ ਕੇ ਤੁਰਿਆਂ ਜਦ ਤੋਂ ਧੁਪਾਂ ਕਹਿਰ ਦੀਆਂ।

ਨਾਲ ਕਿਨਾਰੇ ਦੇ ਟਕਰਾ ਕੇ ਜਿਹੜੀ ਹੈ ਦਮ ਤੋੜ ਗਈ,
ਦੁਨੀਆਂ ਦਾ ਸਾਗਰ ਕੀ ਜਾਣੇ ਪੀੜਾਂ ਸਾਡੀ ਲਹਿਰ ਦੀਆਂ।

ਤੇਰੀ ਸਹੁੰ ਮੈਂ ਤੋੜ ਦਿਆਂਗੀ ਕੰਧ ਰਿਵਾਜਾਂ ਰਸਮਾਂ ਦੀ,
ਆਥਣ ਨੂੰ "ਪਰਦੇਸੀ" ਨੈਣੀਂ ਹੁਣ ਉਹ ਕਸਮਾਂ ਠਹਿਰ ਦੀਆਂ।





# ਕੀ ਲਭਿਆ ਨੀ ਵਾਏ

ਪੰਛੀ ਦਾ ਘਰ ਢਾ, ਕੇ ਤੈਨੂੰ ਕੀ ਲਭਿਆ ਨੀ ਵਾਏ,
ਜਾਨ ਗਵਾ ਕੇ ਹੁਣ ਬੋਟਾਂ ਦੀ ਤੈਂ ਕਿਉਂ ਜਸ਼ਨ ਮਨਾਏ।

ਉਹਨਾਂ ਦੇ ਵਿਹੜੇ ਨਾ ਦਿਸਦੀ ਤੈਨੂੰ ਰਾਤ ਹਨੇਰੀ,
ਸਾਰੀ ਰਾਤ ਜਿਨ੍ਹਾਂ ਨੇ ਰਲ ਕੇ ਮਹਿਲ ਤੇਰੇ ਰੁਸ਼ਨਾਏ।

ਟਕਰੌਣਾ ਹੈ ਆਖ਼ਿਰ ਨੂੰ ਹੁਣ ਪੱਥਰ ਨਾਲ ਹਥੌੜਾ,
ਸਪ ਬੁਕਲਾਂ ਵਿਚ ਪਾਲਣ ਦੀ ਹੁਣ ਰੁੱਤ ਰਹੀ ਨਾ ਮਾਏ।

ਕੀ ਡਰ ਹੈ ਜੇ ਉਸ ਬਸਤੀ ਨੂੰ ਕਬਰਾਂ ਦੀ ਕਹਿ ਦੇਵਾਂ,
ਚਾਅ ਕੁਆਰੇ ਜਿਸ ਬਸਤੀ ਵਿਚ ਜਾਂਦੇ ਹਨ ਦਫ਼ਨਾਏ।

ਮੇਰੀ ਗ਼ਜ਼ਲ ਦੇ ਸ਼ਬਦ ਕੁਸੈਲੇ ਕਿਉਂ ਲਗਦੇ ਹਨ ਤੈਨੂੰ,
ਸੱਚੀ ਕਹਿ ਕੇ ਕਤਲ ਨੇ ਹੋਏ ਏਸ ਕਲਮ ਦੇ ਜਾਏ।

ਸਾਡੇ ਵੱਲੋਂ ਤਾਂ "ਪਰਦੇਸੀ" ਭੱਠ ਪਵੇ ਇਹ ਸਾਵਣ,
ਜਿਸ ਸਾਵਣ ਨੇ ਸਾਡੇ ਕੱਚੇ ਢਾਰੇ ਥੇਹ ਬਣਾਏ।

# ਸਾਜ ਛੇੜੇਂ

ਸਾਜ ਛੇੜੇਂ ਗੀਤ ਗਾਵਾਂ ਦੋਸਤਾ।
ਯਾਦ ਸੱਜਣ ਦੀ ਭੁਲਾਵਾਂ ਦੋਸਤਾ।

ਆਦਮੀ ਬਿਨ ਆਦਮੀ ਦਾ ਜੇ ਸਰੇ,
ਵੇਖਦੈ ਫਿਰ ਕੌਣ ਰਾਵ੍ਹਾਂ ਦੋਸਤਾ।

ਮੈਂ ਕੁਸੈਲੇ ਬੋਲ ਤੇਰੇ ਪੀ ਲਏ,
ਕੌੜੀਆਂ ਫਿਰ ਕਿਉਂ ਹਵਾਵਾਂ ਦੋਸਤਾ।

ਮੰਗਦੈ ਦੋ ਪੈਰ ਤੁਰ ਕੇ ਹੀ ਸਿਲਾ,
ਦੂਰ ਮੰਜ਼ਿਲ ਦੂਰ ਛਾਵਾਂ ਦੋਸਤਾ।

ਸਾਗਰਾਂ ਵਿਚ ਤਰਨ ਦੀ ਗਲ ਕਰ ਰਿਹੈਂ,
ਸਾਗਰਾਂ ਵਿਚ ਸੌ ਬਲਾਵਾਂ ਦੋਸਤਾ।







ਮਰ ਰਹੇ ਨੂੰ ਨਰਕ ਦਾ ਡਰ ਦੇਂਦਾ ਏ ਕਿਉਂ ?
ਜੀਂਦਿਆਂ ਨੂੰ ਘੱਟ ਸਜ਼ਾਵਾਂ ਦੋਸਤਾ।

ਵੇਖ ਬਲਦੀ ਹਾੜ ਦੀ ਧੁਪ ਡਰ ਗਿਐਂ,
ਬਲ ਰਹੀ ਚਲ ਛਾਂ ਵਿਖਾਵਾਂ ਦੋਸਤਾ।

ਪੀੜ ''ਪਰਦੇਸੀ'' ਨਿਰੀ ਮੇਰੀ ਗ਼ਜ਼ਲ,
ਮੈਂ ਗ਼ਜ਼ਲ ਕਿਸ ਨੂੰ ਸੁਣਾਵਾਂ ਦੋਸਤਾ।

# ਜ੍ਹੀਦ੍ਹਾ ਹਿਰਦਾ ਵਿਸ਼ਾਲ

ਜ੍ਹੀਦ੍ਹਾ ਹਿਰਦਾ ਵਿਸ਼ਾਲ ਹੁੰਦਾ ਹੈ।
ਉਹਦਾ ਜੀਵਨ ਕਮਾਲ ਹੁੰਦਾ ਹੈ।

ਹੰਝੂ ਪੂੰਝੇ ਮੇਰੇ ਉਹ ਗ਼ੈਰ ਨਹੀਂ,
ਉਹ ਵੀ ਤੇਰਾ ਰੁਮਾਲ ਹੁੰਦਾ ਹੈ।

ਉਹ ਤਾਂ ਕਹਿ ਲੈਣ ਹਾਲ ਪਰ ਮੈਥੋਂ,
ਕਹਿ ਨਾ ਦਿਲ ਦਾ ਹਵਾਲ ਹੁੰਦਾ ਹੈ।

ਜੇ ਨਾ ਤੇਰਾ, ਤਾਂ ਮੇਰਾ ਦੋਸ਼ ਸਹੀ,
ਪਾਣੀ ਫਿਰ ਕਿਉਂ ਗੰਧਾਲ ਹੁੰਦਾ ਹੈ।

ਜਿਹੜਾ ਖੁਸ਼ੀਆਂ ਦਵੇ ਦਿਲਾ ਤੈਨੂੰ,
ਕਦ ਉਹ ਮੌਸਮ ਦਿਆਲ ਹੁੰਦਾ ਹੈ।

ਕਰ ਲੈ ਚਾਰਾ ਦਿਲਾ ਕਿ ਏਥੇ ਤਾਂ,
ਜੁੱਤੀ ਵਾਲੇ ਦਾ ਮਾਲ ਹੁੰਦਾ ਹੈ।







ਕੋਈ ਦੱਸੋ ਕਦੋਂ ਮਿਲੇਗਾ ਉਹ,
ਜਿਸ ਦਾ ਰੱਬੀ ਜਲਾਲ ਹੁੰਦਾ ਹੈ।

ਹੋਵੇ ਲਭਣਾ ਥਲਾਂ 'ਚ ਇਸ਼ਕ ਜਦੋਂ,
ਕਿਸ ਨੂੰ ਅਪਣਾ ਖਿਆਲ ਹੁੰਦਾ ਹੈ।

ਸਾਂਝੀ ਸਭ ਨੇ ਖੁਸ਼ੀ 'ਚ "ਪਰਦੇਸੀ"
ਕਿਹੜਾ ਗ਼ਮ ਦਾ ਭਿਆਲ ਹੁੰਦਾ ਹੈ।

# ਖਹਿ ਖਹਿ ਕੇ

ਪੌਣ ਜਦੋਂ ਵੀ ਲੰਘੇ ਨਾਲੋਂ ਖਹਿ ਖਹਿ ਕੇ।
ਯਾਦ ਕਿਸੇ ਜ਼ਾਲਿਮ ਦੀ ਆਵੇ ਰਹਿ ਰਹਿ ਕੇ।

ਸਾਡੇ ਨਾਲ ਜੋ ਉੱਡਣ ਚੜ੍ਹ ਅਸਮਾਨੀਂ ਜਾਣ,
ਸਿਖ਼ਰ ਦੁਪਹਿਰੇ ਜਾਣ ਵਰੋਲੇ ਕਹਿ ਕਹਿ ਕੇ।

ਸਿੰਜਣ ਕਿਧਰੇ ਹੋਰ ਜ਼ਮੀਨਾਂ, ਪਰ ਸਾਡੇ,
ਜ਼ਾਲਿਮ ਦਰਿਆ ਖਾਰਾਂ ਪਾਵਣ ਵਹਿ ਵਹਿ ਕੇ।

ਕਦਰ ਇਨ੍ਹਾਂ ਦੀ ਦੱਬੀ ਹੈ ਇਹਨਾਂ ਦੇ ਹੇਠ,
ਮਹਿਲ ਦਿਲੇ ਦੇ ਖੰਡਰ ਹੋਏ ਢਹਿ ਢਹਿ ਕੇ।

ਡਰਦੀ ਡਰਦੀ ਏਦਾਂ ਸੱਚੀ ਬੋਲੇ ਜੀਭ,
ਜੀਕੂੰ ਬਿੱਲੀ ਚੂਹਾ ਫੜ੍ਹਦੀ ਸ਼ਹਿ ਸ਼ਹਿ ਕੇ।







ਸਾਵਾ, ਪੀਲਾ ਰੰਗ ਦਿਲਾਂ ਨੂੰ ਮੋਹੇ ਉਂਜ,
ਅੰਤ ਪਦਾਰਥ ਤਾਂ ਬਣਦੀ ਹੈ ਗਹਿ ਗਹਿ ਕੇ।

ਥੱਪੜ ਮਾਰਣ ਮੂੰਹ ਤੇ ਤੇਜ਼ ਹਵਾਵਾਂ ਦੇ,
ਕੁੜਤੇ ਮੇਰੇ ਨਾਲੋਂ ਲੀਰਾਂ ਲਹਿ ਲਹਿ ਕੇ।

ਸੁਪਨਾ ਲੈ ਕੇ ਕਿਉਂ ਤੈਨੂੰ ਬਦਨਾਮ ਕਰੇ,
"ਪਰਦੇਸੀ" ਹਰ ਰਾਤ ਬਿਤਾਵੇ ਬਹਿ ਬਹਿ ਕੇ।

# ਤੋੜ ਦੇ ਜੰਜ਼ੀਰ ਨੂੰ

ਕੈਦ ਖ਼ਾਨਾ ਭੰਨ ਕੈਦੀ ਤੋੜ ਦੇ ਜੰਜ਼ੀਰ ਨੂੰ।
ਫੜ ਕੁਹਾੜਾ ਵਕਤ ਦਾ ਘੜ ਆਪਣੀ ਤਕਦੀਰ ਨੂੰ।

ਜ਼ਿੰਦਗੀ ਨੂੰ ਜ਼ਿੰਦਗੀ ਦਾ ਇੰਜ ਮਿਲਣਾ ਨਾ ਸਿਲਾ,
ਫੇਰ ਵੇਖੀਂ ਰੰਗ ਬਝਦਾ ਚੁੰਮ ਲੈ ਸ਼ਮਸ਼ੀਰ ਨੂੰ।

ਕੈਦ ਕਰ ਲੈ ਨ੍ਹੇਰਿਆਂ ਨੂੰ ਸੁਰਖ਼ ਬੁੱਕਲ ਮਾਰ ਕੇ,
ਭਾਲਦੀ ਹੈ ਭੈਣ ਫਿਰਦੀ ਕਤਲ ਹੋਏ ਵੀਰ ਨੂੰ।

ਅੱਜ ਰਾਤੀਂ ਵੇਖਣਾ ਹੈ ਚੰਦ ਦਾ ਵੀ ਝੂਠ ਸੱਚ,
ਕੌਣ ਭੁੱਖਾ ਸੌਂ ਰਿਹਾ ਹੈ ? ਕੌਣ ਖਾ ਕੇ ਖ਼ੀਰ ਨੂੰ ?







ਜਨਮ ਤੋਂ ਪਹਿਲਾਂ ਕਿਸੇ ਦਾ ਖ਼ੂਨ ਹੋਇਆ ਸ਼ਹਿਰ ਵਿਚ
ਵੇਖ ਸਕਿਆ ਮੈਂ ਨਾ ਅਬਲਾ ਦੇ ਛਲਕਦੇ ਨੀਰ ਨੂੰ।

ਅੰਤ ਭਾਂਬੜ ਬਲਣ ਪਿੱਛੋਂ ਢੇਰ ਬਣਿਆਂ ਰਾਖ਼ ਦਾ,
ਰਾਖ਼ ਆਖ਼ਿਰ ਕਰ ਗਿਆ ਇਕ ਇਕ ਉਹ ਗੰਦੀ ਲੀਰ ਨੂੰ।

ਵਰ੍ਹ ਪਿਆ ''ਪਰਦੇਸੀ'' ਤੇ ਉਹ ਰੂਪ ਲੈ ਕੇ ਅੱਗ ਦਾ,
ਸ੍ਹਾਮਣੇ ਕੀਤਾ ਉਦ੍ਹੇ ਜਦ ਓਸ ਦੀ ਤਸਵੀਰ ਨੂੰ।

# ਮੇਰੇ ਸਜਣਾ

ਮੇਰੇ ਸਜਣਾ ਤੇਰਾ ਮੈਨੂੰ ਖ਼ੁਦਾ ਵਰਗਾ ਸਹਾਰਾ ਹੈ।
ਤੇਰੇ ਬਾਝੋਂ ਜਹਾਨ ਅੰਦਰ ਕੀ ਰਾਜਿੰਦਰ ਵਿਚਾਰਾ ਹੈ।

ਮੇਰੇ ਸਾਹਾਂ ਦੇ ਹਾਣੀ ਵੇ ਮੈਂ ਤੈਨੂੰ ਕਿਸ ਤਰ੍ਹਾਂ ਦੱਸਾਂ,
ਤੇਰੇ ਕਾਰਨ ਚੁਹੀਂ ਪਾਸੀਂ ਨਜ਼ਾਰਾ ਹੀ ਨਜ਼ਾਰਾ ਹੈ।

ਜੇ ਤੂੰ ਹੋਵੇਂ ਕੋਈ ਤੂਫ਼ਾਨ ਸਾਨੂੰ ਡੋਬ ਨਈਂ ਸਕਦਾ,
ਤੇਰੇ ਤਾਂ ਹੁੰਦਿਆਂ ਮੰਝਧਾਰ ਵੀ ਸਾਡਾ ਕਿਨਾਰਾ ਹੈ।

ਜੋ ਅਪਣੀ ਮੌਤ ਤੋਂ ਡਰਦੈ ਮੁਹੱਬਤ ਕਰ ਨਹੀਂ ਸਕਦਾ,
ਸ਼ਮ੍ਹਾਂ ਤੇ ਜਲ ਰਹੇ ਭੰਬਟ ਦਾ ਸਾਨੂੰ ਹੀ ਇਸ਼ਾਰਾ ਹੈ।







ਹਵਾਵਾਂ ਨਾਲ ਖਹਿ ਖਹਿ ਕੇ ਲੁਟਾਉਣਾ ਮਹਿਕ ਕਲੀਆਂ ਦਾ,
ਸੁਹਾਣਾਂ ਸਾਥ ਹੈ ਤੇਰਾ ਸਮਾਂ ਅੱਜ ਕਿੰਨਾ ਪਿਆਰਾ ਹੈ।

ਮੈਂ ਤੈਨੂੰ ਪਿਆਰ ਕਰਦਾ ਹਾਂ ਜਾਂ ਮੈਨੂੰ ਪਿਆਰ ਤੂੰ ਕਰਦੈਂ,
ਮੁਸੀਬਤ ਦੀ ਘੜੀ ਅੰਦਰ ਇਹੋ ਹੋਣਾ ਨਿਤਾਰਾ ਹੈ।

ਮੇਰੇ ਸਜਣਾ ਤੇਰਾ ਮੈਨੂੰ ਖ਼ੁਦਾ ਵਰਗਾ ਸਹਾਰਾ ਹੈ।
ਤੇਰੇ ਬਾਝੋਂ ਜਹਾਨ ਅੰਦਰ ਕੀ ''ਪਰਦੇਸੀ'' ਵਿਚਾਰਾ ਹੈ।

# ਪਿੱਛੋਂ

ਬਣੀ ਹਰ ਰਾਤ ਹਰਜਾਈ, ਕਿ ਤੇਰੇ ਜਾਣ ਦੇ ਪਿੱਛੋਂ।
ਕਦੀ ਨੀਂਦਰ ਨਹੀਂ ਆਈ ਕਿ ਤੇਰੇ ਜਾਣ ਦੇ ਪਿੱਛੋਂ।

ਅਸਾਂ ਨੂੰ ਤੇਰਿਆਂ ਸਾਹਾਂ ਦੀ ਸਰਗਮ ਦਾ ਖ਼ਿਆਲ ਆਇਆ,
ਜਦੋਂ ਵੀ ਗੂੰਜੀ ਸ਼ਹਿਨਾਈ, ਕਿ ਤੇਰੇ ਜਾਣ ਦੇ ਪਿੱਛੋਂ।

ਮਘੇ ਸੀਨੇ 'ਚ ਚੰਗਿਆੜੇ ਨਜ਼ਰ ਚੋਂ ਲਾਵੇ ਫੁੱਟ ਆਏ,
ਵਗੀ ਜਦ ਜਦ ਵੀ ਪੁਰਵਾਈ, ਕਿ ਤੇਰੇ ਜਾਣ ਦੇ ਪਿੱਛੋਂ।

ਕਿਸੇ ਦੀ ਪ੍ਰੀਤ ਵਿਚ ਏਨਾ ਕਦੀ ਗਲਤਾਨ ਨਾ ਹੋਵੋ,
ਅਸਾਂ ਨੂੰ ਹੁਣ ਸਮਝ ਆਈ ਕਿ ਤੇਰੇ ਜਾਣਦੇ ਪਿੱਛੋਂ।

ਜਦੋਂ ਵੀ ਟਹਿਕੀਆਂ ਕਲੀਆਂ ਉਦੋਂ ਹੀ ਮੇਰੇ ਜ਼ਿਹਨ ਅੰਦਰ,
ਤੇਰੀ ਮੁਸਕਾਨ ਉਭਰ ਆਈ ਕਿ ਤੇਰੇ ਜਾਣ ਦੇ ਪਿੱਛੋਂ।

ਮੈਂ ਸੁਣਿਐਂ ਕਹਿੰਦਿਆਂ ਲੋਕਾਂ ਨੂੰ ਹੈ ਚੁਪ ਚਾਪ "ਪਰਦੇਸੀ",
ਮੇਰੀ ਤਾਂ ਜੀਭ ਪਥਰਾਈ ਕਿ ਤੇਰੇ ਜਾਣ ਦੇ ਪਿੱਛੋਂ।



# ਬੀਤੇ ਦੀ ਅਰਥੀ

ਖ਼ਿਜ਼ਾ ਨੇ ਬਹਾਰਾਂ ਦੀ ਘੰਡੀ ਦਬਾਈ।
ਦਵੇ ਚੀਖ਼ ਵਾ ਚੋਂ ਕਲੀ ਦੀ ਸੁਣਾਈ।

ਮੈਂ ਪਲਕਾਂ ਤੇ ਆਉਂਦੇ ਪਲਾਂ ਨੂੰ ਬਿਠਾਇਆ,
ਮੈਂ ਮੋਢੇ ਤੇ ਬੀਤੇ ਦੀ ਅਰਥੀ ਉਠਾਈ।

ਨਿਕਲੀਆਂ ਸਵੇਰੇ ਦੀਆਂ ਸੁਰਖ਼ ਲਾਟਾਂ,
ਕਿਸੇ ਨੇ ਹਨੇਰੇ ਨੂੰ ਉਹ ਅੱਗ ਲਾਈ।

ਅਸਾਡੀ ਵਫ਼ਾ ਤਾਰਦੀ ਕੀ ਅਸਾਂ ਨੂੰ,
ਕਿ ਲੈ ਡੁੱਬੀ ਸਾਨੂੰ ਤੇਰੀ ਬੇ-ਵਫ਼ਾਈ।

ਕਦੋਂ ਕੈਦ ਹੁੰਦਾ ਹੈ ਚਾਨਣ ਕਿਸੇ ਤੋਂ,
ਘਟਾਏ ਫਿਰੇਂ ਚੰਦ ਕਾਹਨੂੰ ਲੁਕਾਈ।

ਜੇ "ਪਰਦੇਸੀ" ਸਾਜ਼ਾਂ ਦੇ ਦਿਲ ਜ਼ਖ਼ਮੀਂ ਹੁੰਦੇ,
ਕਿਵੇਂ ਫਿਰ ਨਾ ਜਾਂਦੀ ਗ਼ਜ਼ਲ ਮੇਰੀ ਗਾਈ।

# ਸੋਚਿਆ ਸੀ

ਆਵੇਗਾ ਸੋਚਿਆ ਸੀ, ਅੰਗੂਰ ਹੌਲੀ ਹੌਲੀ।
ਵਧਦਾ ਹੀ ਜਾ ਰਿਹਾ ਏ ਨਾਸੂਰ ਹੌਲੀ ਹੌਲੀ।

ਰੱਖੇਂਗਾ ਹੋਰ ਕਦ ਤਕ ਦਿਲ ਨੂੰ ਸੰਭਾਲ ਕੇ ਤੂੰ,
ਹੋ ਜਾਇਗਾ ਇਹ ਸ਼ੀਸ਼ਾ ਹੁਣ ਚੂਰ ਹੌਲੀ ਹੌਲੀ।

ਇਕ ਉਮਰ ਬੀਤ ਚੱਲੀ ਗ਼ਮ ਦੇ ਕਲਾਵੇ ਅੰਦਰ,
ਇਹ ਝੂਠ ਹੈ ਜੋ ਜਾਂਦੈ ਗ਼ਮ ਦੂਰ ਹੌਲੀ ਹੌਲੀ।

ਐਵੇਂ ਬਿਠਾ ਬਿਠਾ ਕੇ ਪਲਕਾਂ ਤੇ ਹੁਸਨ ਤਾਂਈਂ,
ਕੀਤਾ ਸੀ ਇਸ਼ਕ ਨੇ ਹੀ ਮਗ਼ਰੂਰ ਹੌਲੀ ਹੌਲੀ।

ਗਿੱਧਿਆਂ ਦੇ ਜੋਬਨਾਂ ਦਾ ਸਾਵਣ ਦੀ ਰੌਣਕਾਂ ਦਾ,
ਖਿੱਲਰ ਹੈ ਜਾਣਾ ਆਖਿਰ ਇਹ ਪੂਰ ਹੌਲੀ ਹੌਲੀ।









ਤੇਰਾ ਖਿਆਲ ਜਦ ਵੀ ਆਉਂਦਾ ਹੈ ਸਾਉਣ ਅੰਦਰ,
ਪੈਂਦੀ ਹੈ ਹੰਝੂਆਂ ਦੀ ਹੁਣ ਭੂਰ ਹੌਲੀ ਹੌਲੀ।

ਹੁੰਦਾ ਰਿਹਾ ਕੀ ਸਜਣਾ ਮੈਂ ਕੋਲ ਕੋਲ ਤੇਰੇ,
ਅਪਣੇ ਤੋਂ ਹੋ ਗਿਆ ਹਾਂ ਮੈਂ ਦੂਰ ਹੌਲੀ ਹੌਲੀ।

ਸੂਰਜ ਦੇ ਆਗਮਨ ਦੀ ਚਿੜੀਆਂ ਖ਼ਬਰ ਜੋ ਦਿੱਤੀ,
ਸਭ ਹੋਣ ਲੱਗੇ ਤਾਰੇ ਬੇ-ਨੂਰ ਹੌਲੀ ਹੌਲੀ।

ਬਦਨਾਮੀਆਂ ਦੇ ਖ਼ਤਰੇ ਜਿਨ੍ਹਾਂ ਨੇ ਵੀ ਸਹੇੜੇ,
''ਪਰਦੇਸੀ'' ਹੋ ਗਏ ਉਹ ਮਸ਼ਹੂਰ ਹੌਲੀ ਹੌਲੀ।

# ਆਪਾ ਜਲਾ ਰਿਹਾ ਹਾਂ

ਆਸਾਂ ਦੇ ਦੀਵਿਆਂ ਤੇ, ਜੀਵਨ ਬਿਤਾ ਰਿਹਾ ਹਾਂ।
ਅਪਣੇ ਚਿਰਾਗਾਂ ਉੱਤੇ, ਆਪਾ ਜਲਾ ਰਿਹਾ ਹਾਂ।

ਠੰਢੀ ਹਵਾ ਦੇ ਬੁੱਲੇ, ਮੈਨੂੰ ਨਹੀਂ ਮੁਆਫ਼ਿਕ,
ਇਸ ਵਾਸਤੇ ਹੀ ਅਗ ਦੇ, ਗੋਲੇ ਮੈਂ ਖਾ ਰਿਹਾ ਹਾਂ।

ਬਦਲਾਂ ਦੇ ਨਾਲ ਮੇਰੀ, ਕੀ ਸਾਂਝ ਪੈ ਗਈ ਏ।
ਧਰਤੀ ਤੋਂ ਮੈਂ ਗਗਨ ਵਲ, ਉਡਦਾ ਹੀ ਜਾ ਰਿਹਾ ਹਾਂ।

ਮੈਨੂੰ ਖੁਸ਼ੀ ਹੈ ਤੇਰੀ, ਰੰਗੀਨ ਜ਼ਿੰਦਗੀ ਏ,
ਬੇ-ਰੰਗ ਜ਼ਿੰਦਗੀ ਮੈਂ, ਅਪਣੀ ਬਣਾ ਰਿਹਾ ਹਾਂ।

ਤੂਫ਼ਾਨ ਬਣ ਗਏ ਨੇ, ਜਜ਼ਬਾਤ ਮੇਰੇ, ਯਾਰੋ,
ਮੈਂ ਅਪਣੇ ਜਜ਼ਬਿਆਂ ਵਿਚ, ਰੁੜ੍ਹਦਾ ਹੀ ਜਾ ਰਿਹਾ ਹਾਂ।







ਫੁਲ ਨੇ ਵਫ਼ਾ ਨਾ ਕੀਤੀ, ਅਪਣਾ ਲਿਆ ਮੈਂ ਪੱਥਰ,
ਇਸ ਵਾਸਤੇ ਹੀ ਪੱਥਰ, ਹੁੰਦਾ ਮੈਂ ਜਾ ਰਿਹਾ ਹਾਂ।

ਮੈਨੂੰ ਤੂੰ ਯਾਦ ਆਵੇਂ, ਇਹ ਹਕ ਨਹੀਂ ਹੈ ਤੈਨੂੰ।
ਦਿਨ ਰਾਤ ਇੱਕ ਕਰਕੇ, ਜਦ ਮੈਂ ਭੁਲਾ ਰਿਹਾ ਹਾਂ।

ਸਮਝਣ ਦੀ ਲੋੜ ਹੀ ਜਦ, "ਪਰਦੇਸੀ" ਬੇ-ਸਮਝ ਹੈ,
ਸੋਚਾਂ ਵੀ ਕਿਸ ਲਈ ਫਿਰ, ਕਿੱਧਰ ਮੈਂ ਜਾ ਰਿਹਾ ਹਾਂ।

# ਵੇਖ਼

ਹੋਵੇਗੀ ਰੌਸ਼ਨੀ ਜ਼ਰਾ, ਤੂੰ ਦਿਲ ਜਲਾ ਕੇ ਵੇਖ।
ਇਸ ਜ਼ਿੰਦਗੀ ਤੋਂ ਨ੍ਹੇਰ ਦੀ, ਚਾਦਰ ਹਟਾ ਕੇ ਵੇਖ।

ਐਵੇਂ ਨਾ ਜ਼ਿੰਦਗੀ ਨੂੰ, ਤੂੰ ਕੱਖਾਂ ਦੇ ਨਾਲ ਤੋਲ,
ਮਹਿਕਾਂ ਦੇ ਵਾਂਗ ਦੋਸਤਾ, ਆਪਾ ਲੁਟਾ ਕੇ ਵੇਖ।

ਗੀਤਾਂ ਬਗ਼ੈਰ ਸਾਜ਼ ਤੇ, ਸਾਜ਼ਾਂ ਬਗ਼ੈਰ ਗੀਤ।
ਹੁੰਦੇ ਨਹੀਂ ਜਵਾਨ, ਨਾ ਤੂੰ ਆਜ਼ਮਾ ਕੇ ਵੇਖ।

ਬੰਦਾ ਬਣਾ ਕੇ ਪਾਪ, ਕੀ ਕੀਤੈ ? ਜੇ ਜਾਨਣੈ।
ਰੱਬਾ ਇਕੇਰਾਂ ਖ਼ੁਦ ਨੂੰ ਹੀ, ਬੰਦਾ ਬਣਾ ਕੇ ਵੇਖ਼।

ਉਠਦੇ ਤੂੰ ਵੇਖ਼ੀ ਵਲਵਲੇ, ਤੂਫ਼ਾਨ ਵਾਂਗ ਕਿੰਜ,
ਸਾਹਾਂ ਦੇ ਅਪਣੀ ਜਾਨ ਤੇ, ਝੱਖੜ ਝੁਲਾ ਕੇ ਵੇਖ਼।

ਫੁੱਲਾਂ ਨੂੰ ਤਾਂ ਜਣਾ ਖ਼ਣਾ, ਚਿਥਦਾ ਹੈ ਸ਼ੌਕ ਨਾਲ,
ਕਰਨਾ ਹੈ ਜੇ ਕਮਾਲ ਤਾਂ, ਕੰਕਰ ਚਬਾ ਕੇ ਵੇਖ।

“ਪਰਦੇਸੀ” ਬੀਤਦੀ ਹੈ, ਕੀ ਵੇਖੀਂ ਰਕੀਬ ਤੇ,
ਪਲਕਾਂ ’ਚ ਦਿਲ ਦੀ ਪੀੜ ਦੇ, ਹੰਝੂ ਲੁਕਾ ਕੇ ਵੇਖ।



# ਇਸ਼ਕ

ਇਸ਼ਕ ਜਿਹੜਾ ਵੀ ਕਰਦਾ ਹੈ।
ਲੋਕਾਂ ਤੋਂ ਕਦ ਡਰਦਾ ਹੈ।

ਹੁਸਨ ਤੇਰੇ ਦਾ ਜਾਦੂ ਜੋ,
ਤੇਰੇ ਤੇ ਕਦ ਮਰਦਾ ਹੈ।

ਕਾਰਾ ਕੀਤਾ ਅੱਖੀਆਂ ਨੇ,
ਦਿਲ ਹੁਣ ਹਉਕੇ ਭਰਦਾ ਹੈ।

ਜਾਨ ਮੇਰੀ ਦਾ ਵੈਰੀ ਹੁਣ,
ਹਰ ਜੀ, ਤੇਰੇ ਘਰ ਦਾ ਹੈ।

ਆਖਣ ਲੋਕੀਂ ਮਾਰ ਦਿਓ,
ਹਰਨ ਅੰਗੂਰੀ ਚਰਦਾ ਹੈ।

ਕਾਗ਼ਜ਼ ਦੇ ਬਘਿਆੜਾਂ ਤੋਂ,
ਕਦ “ਪਰਦੇਸੀ” ਡਰਦਾ ਹੈ।

# ਮੈਂ ਜਿੰਨ੍ਹਾਂ ਦੀ ਖ਼ਾਤਿਰ

ਮੈਂ ਜਿੰਨ੍ਹਾਂ ਦੀ ਖ਼ਾਤਿਰ ਫੁੱਲ ਉਗਾਏ ਨੇ।
ਮੇਰੀ ਖ਼ਾਤਿਰ ਕੰਡੇ ਬੀਜਣ ਆਏ ਨੇ।

ਮੇਰੀ ਕਵਿਤਾ ਦੇ ਸ਼ੀਸ਼ੇ 'ਚੋਂ ਖ਼ਬਰੇ ਕਿਉਂ,
ਅਪਣਾ ਚਿਹਰਾ ਵੇਖ ਬੜਾ ਘਬਰਾਏ ਨੇ।

ਤਰਲੇ ਭਰੀਆਂ ਅੱਖਾਂ ਸਭ ਕੁਝ ਕਹਿ ਗਈਆਂ,
ਹੋਠ ਸਨਮ ਦੇ ਪਥਰਾਏ ਪਥਰਾਏ ਨੇ।

ਰਾਤ ਪਵੇ ਪਰਛਾਵਾਂ ਵਿੱਛੜ ਜਾਂਦਾ ਏ,
ਚਾਨਣ ਵਿਚ ਹੀ ਜਾਂਦੇ ਸਾਥ ਨਿਭਾਏ ਨੇ।

ਕਰਜ਼ੇ ਵਾਲੇ ਤੋਂ ਡਰਦਾ ਉਠ ਬੈਠਾਂ ਹਾਂ,
ਜਦ ਵੀ ਰਾਤੀਂ ਵਾ ਨੇ ਦਰ ਖੜਕਾਏ ਨੇ।







ਬੂਹੇ ਉੱਤੇ "ਜੀ ਆਇਆ ਨੂੰ" ਲਿਖਿਐ ਪਰ,
ਅੰਦਰਵਾਰੋਂ ਸਜਣਾਂ ਕੁੰਡੇ ਲਾਏ ਨੇ।

ਹੋਸ਼ ਕਰੋ ਬਹੁਤੇ ਹੁਸ਼ਿਆਰੋ ਮਹਿਫ਼ਿਲ ਵਿਚ,
ਜਾਮ ਵਟਾ ਕੇ ਵਰਤਾਵੇ, ਵਰਤਾਏ ਨੇ।

ਤੈਥੋਂ ਪੀ ਕੇ ਗਾਲ੍ਹਾਂ ਕਢਦੇ ਨੇ ਤੈਨੂੰ,
ਤੂੰ "ਪਰਦੇਸੀ" ਚੰਗੇ ਯਾਰ ਬਣਾਏ ਨੇ।

# ਜਰ ਲਿਆ ਹੈ

ਜ਼ੁਲਮ ਤੇਰਾ ਮੈਂ ਬੜਾ ਚਿਰ ਜਰ ਲਿਆ ਹੈ,
ਮਰ ਮਿਟਣ ਦਾ ਹੁਣ ਇਰਾਦਾ ਕਰ ਲਿਆ ਹੈ।

ਆਦਮੀ ਹਾਂ ਕਿਉਂ ਮੈਂ ਪਸ਼ੂਆਂ ਵਾਂਗ ਜੀਵਾਂ,
ਸੀਸ ਨੂੰ ਮੈਂ ਵੀ ਤਲੀ ਤੇ ਧਰ ਲਿਆ ਹੈ।

ਵਕਤ ਹੈ ਕੁਝ ਕਰਨ ਦਾ ਕੁਝ ਕਰ ਵਿਖਾਵੋ,
ਚਾਹਿਆ ਹੈ, ਜੋ ਉਨ੍ਹਾਂ ਨੇ ਕਰ ਲਿਆ ਹੈ।

ਦੋਸਤਾਂ ਨੇ ਰਹਿਨੁਮਾਈ ਕਰ ਵਿਖਾਈ,
ਜਾਮ ਦੇ ਵਿਚ ਜ਼ਹਿਰ ਨਕਲੀ ਭਰ ਲਿਆ ਹੈ।

ਆ ਗਏ ਹਨ ਅੰਤ ਬਾਜ਼ੀ ਹਾਰ ਕੇ ਉਹ,
ਆਖ਼ਦੇ ਸੀ ਜੋ ਸ਼ਿਵਾ ਤੋਂ ਵਰ ਲਿਆ ਹੈ।

ਕੌਣ ਸਾਹ ਉੱਚਾ ਭਰੇਗਾ ਸ਼ਹਿਰ ਵਿਚ,
ਕੈਦ "ਰਾਣੀ" ਨੇ ਹਵਾ ਨੂੰ ਕਰ ਲਿਆ ਹੈ।

ਇਸ ਤਰ੍ਹਾਂ "ਪਰਦੇਸੀ" ਜੀਵਨ ਹੈ ਬਿਤਾਇਆ,
ਦਰਦ ਦਿਲ ਦਾ ਫ਼ਰਜ਼ ਹੇਠਾਂ ਧਰ ਲਿਆ ਹੈ।



# ਕੀਤਾ ਸੀ ਤੈਨੂੰ ਪਿਆਰ

ਕੀਤਾ ਸੀ ਤੈਨੂੰ ਪਿਆਰ ਹਸਾਇਆ ਕਰੇਂਗਾ ਤੂੰ।
ਕਿਸ ਨੂੰ ਸੀ ਇਹ ਖ਼ਬਰ ਕਿ ਰਵਾਇਆ ਕਰੇਂਗਾ ਤੂੰ।

ਇਹ ਸੋਚਿਆ ਨਹੀਂ ਸੀ ਮੈਂ ਰਾਤਾਂ ਨੂੰ ਇਸ ਤਰ੍ਹਾਂ,
ਸਾਨੂੰ ਚਿਰਾਗ਼ ਵਾਂਗ ਜਲਾਇਆ ਕਰੇਂਗਾ ਤੂੰ।

ਹਸਿਆ ਹੈਂ ਖ਼ੂਬ ਸੁਣ ਕੇ ਤੂੰ ਪਰ ਮੈਂ ਸੀ ਸੋਚਿਆ,
ਸੁਣ ਕੇ ਦੁਖਾਂਤ ਹੰਝੂ ਵਹਾਇਆ ਕਰੇਂਗਾ ਤੂੰ।

ਕੀਤਾ ਹੈ ਤੈਨੂੰ ਪਿਆਰ ਲੁਟਾਵਾਂਗੇ ਤੈਨੂੰ ਫੁੱਲ,
ਭਾਵੇਂ ਅਸਾਨੂੰ ਖ਼ਾਰ ਚੁਭਾਇਆ ਕਰੇਂਗਾ ਤੂੰ।

ਤੈਨੂੰ ਵਿਖਾਏ ਜ਼ਖ਼ਮ ਤੇ ਪਾਇਆ ਤੂੰ ਲੂਣ ਹੀ,
ਸੁਪਨਾ ਲਿਆ ਸੀ ਦਰਦ ਵੰਡਾਇਆ ਕਰੇਂਗਾ ਤੂੰ।

ਵੇਖੇਂਗਾ ਮੇਰੀ ਸ਼ਕਲ ਵੀ ਅਪਣੇ ਸਰੂਪ ਨਾਲ,
ਸ਼ੀਸ਼ੇ ਦੇ ਸਾਮ੍ਹਣੇ ਜਦੋਂ ਜਾਇਆ ਕਰੇਂਗਾ ਤੂੰ।

"ਪਰਦੇਸੀ" ਇਸ ਜਹਾਨ ਤੋਂ ਜਿਸ ਦਿਨ ਚਲਾ ਗਿਆ,
ਫਿਰ ਗੀਤ ਉਸ ਦੇ ਪਿਆਰ ਦੇ ਗਾਇਆ ਕਰੇਂਗਾ ਤੂੰ।

# ਭਲੀ ਹੈ ਦੁਸ਼ਮਣੀ ਸਾਨੂੰ

ਭਲੀ ਹੈ ਦੁਸ਼ਮਣੀ ਸਾਨੂੰ ਤੇਰੀ ਇਸ ਦੋਸਤੀ ਨਾਲੋਂ।
ਖ਼ਰੀ ਹੈ ਬੇ-ਰੁਖ਼ੀ ਅੜਿਆ ਅਜੇਹੀ ਦਿਲ-ਲਗੀ ਨਾਲੋਂ।

ਜੇ ਦੁਖਦੀ ਨਾੜ ਫੜਨੀ ਸੀ ਤੂੰ ਸਾਡੀ ਮਿਲਦਿਆਂ ਸਾਨੂੰ,
ਖ਼ਰਾ ਸੀ ਹਿਜਰ ਫਿਰ ਸਜਣਾ, ਮਿਲਣ ਦੀ ਇਸ ਘੜੀ ਨਾਲੋਂ।

ਖ਼ਬਰ ਕੀ ਸੀ ਕਿ ਚੰਨਾ ਚਾਨਣੀ ਤੇਰੀ ਜਲਾਵੇਗੀ,
ਅਸੀਂ ਐਵੇਂ ਹੀ ਚੰਗੇ ਸਾਂ, ਤੇਰੀ ਇਸ ਚਾਨਣੀ ਨਾਲੋਂ।

ਕਿਵੇਂ ਨਾ ਰਾਤ ਦਿਨ ਹਉਕੇ ਜਿਗਰ ਨੂੰ ਖਾਣ "ਰਾਜਿੰਦਰ"
ਸਵੱਲਾ ਕੁਝ ਨਹੀਂ ਤੇਰੇ ਨਗਰ ਵਿਚ ਆਦਮੀ ਨਾਲੋਂ।

ਮੈਂ ਅਪਣੀ "ਗਰਭ-ਜੂਨੀ" ਤੋਂ ਉਤਾਰਾਂ ਆਰਤੀ ਗ਼ਮ ਦੀ,
ਬੜਾ ਚੰਗਾ ਹੈ ਗ਼ਮ ਲਗਦਾ ਮੇਰੇ ਦਿਲ ਨੂੰ ਖ਼ੁਸ਼ੀ ਨਾਲੋਂ।

ਕਦੀ ਪੀਣਾ ਨਾ ਪੈਂਦਾ ਜ਼ਿੰਦਗੀ ਭਰ ਜ਼ਹਿਰ "ਪਰਦੇਸੀ"
ਤੂੰ ਜੇਕਰ ਮੌਤ ਮੰਗ ਲੈਂਦਾ ਉਧਾਰੀ ਜ਼ਿੰਦਗੀ ਨਾਲੋਂ।





# ਖ਼ੁਸ਼ਬੂਆਂ ਦੇ ਮਾਰੇ

ਭਾਵੇਂ ਇਹਨਾਂ ਖ਼ੁਸ਼ਬੋਆਂ ਦੇ ਮਾਰੇ ਹਾਂ।
ਫਿਰ ਵੀ ਆਪਾਂ ਮਹਿਕਾਂ ਦੇ ਵਣਜਾਰੇ ਹਾਂ।

ਵੇਖੋਗੇ ਮੁਲ ਪੈਂਦਾ ਜਦ ਵੀ ਚਮਕਾਂਗੇ,
ਧਰਤੀ ਉੱਤੇ ਉਤਰੇ ਹੋਏ ਤਾਰੇ ਹਾਂ।

ਯੁੱਗਾਂ ਤੋਂ ਹੀ ਭਿੜਦੇ ਹਾਂ ਤੂਫ਼ਾਨਾਂ ਨਾਲ,
ਆਪਾਂ ਤਾਂ ਸਾਗਰ ਦੇ ਮਸਤ ਕਿਨਾਰੇ ਹਾਂ।

ਫੁੱਲਾਂ ਖ਼ਾਤਿਰ ਸੋਹਲ ਕਿਤੇ ਹਾਂ ਮਹਿਕਾਂ ਤੋਂ,
ਪੱਥਰ ਖ਼ਾਤਿਰ ਪਰਬਤ ਤੋਂ ਵੀ ਭਾਰੇ ਹਾਂ।

ਭਾਲ ਲਵਾਂਗੇ ਨ੍ਹੇਰੇ 'ਚੋਂ ਵੀ ਸਜਣਾ ਨੂੰ,
ਅਰਸ਼ੋਂ ਪੈਂਦੇ ਬਿਜਲੀ ਦੇ ਲਿਸ਼ਕਾਰੇ ਹਾਂ।

ਮੌਰ ਭੰਨਾ ਕੇ ਬੈਠਣਗੇ ਉਹ "ਪਰਦੇਸੀ"
ਜਾਣ ਰਹੇ ਨੇ ਸਾਨੂੰ ਕੱਲੇ-ਕਾਰੇ ਹਾਂ।



# ਜੀਵਨ ਭਰ ਸੂਲਾਂ ਤੇ

ਜੀਵਨ ਭਰ ਸੂਲਾਂ ਤੇ ਅਪਣੇ ਪੈਰ ਰਹੇ।
ਪੈਰਾਂ ਦੀ ਰੱਤ ਉੱਤੇ ਆਪਾਂ ਤੈਰ ਰਹੇ।

ਵਕਤ ਵਿਹਾ ਕੇ ਕੀਤੀ ਪਰਖ਼ ਨਿਗਾਹਾਂ ਨੇ,
ਅਪਣੇ ਬਣ ਕੇ ਲੁਟਦੇ ਸਾਨੂੰ ਗ਼ੈਰ ਰਹੇ।

ਮੈਂ ਉਹਨਾਂ ਨੂੰ ਪਿਆਰ ਕਿਵੇਂ ਕਰ ਸਕਦਾ ਹਾਂ,
ਜਿਹੜੇ ਕਿਰਤੀ ਨਾਲ ਕਮਾਉਂਦੇ ਵੈਰ ਰਹੇ।

ਜ਼ੋਰ ਬੜਾ ਤੂੰ ਲਾਇਆ ਸਾਨੂੰ ਮਾਰਨ ਦਾ,
ਆਪਾਂ "ਠੋਕ ਵਜਾ" ਕੇ ਤੇਰੇ ਸ਼ਹਿਰ ਰਹੇ।

ਕੱਚ ਦੇ ਵਾਂਗੂੰ ਸਾਨੂੰ ਤੋੜ ਖ਼ਿਲਾਰ ਗਿਓਂ,
ਫਿਰ ਤੇਰੇ ਪੈਰਾਂ ਦੀ ਕੀਕਣ ਖ਼ੈਰ ਰਹੇ।







ਇਕ ਪਾਸੇ ਤਾਂ ਮਾਰੂਥਲ ਦੀ ਮਨ-ਮਾਨੀ,
ਦੂਜੇ ਪਾਸੇ ਰੋੜ੍ਹਾਂ ਪਾਉਂਦੀ ਨਹਿਰ ਰਹੇ।

ਆਖ਼ਿਰ ਨੂੰ ਇਹ ਲਾਟਾਂ ਬਣ ਕੇ ਨਿਕਲਣਗੇ,
ਅੱਥਰੂ ਜੋ ਪਲਕਾਂ ਦੇ ਅੰਦਰ ਠਹਿਰ ਰਹੇ।

ਸੱਪਾਂ ਦੇ ਸਿਰ ਉਹ ਬੰਦਾ ਮਿਧ ਸਕਦਾ ਹੈ,
ਜਿਸ ਦੇ ਪੈਰਾਂ ਵਿਚ "ਪਰਦੇਸੀ" ਜ਼ਹਿਰ ਰਹੇ।

# ਤੇਰਾ ਹਿਸਾਬ ਹੋਰ

ਕਰ ਲੈ ਤੂੰ ਜਿੰਨਾ ਹੋ ਸਕੇ ਸਾਨੂੰ ਖ਼ਰਾਬ ਹੋਰ।
ਸਾਡਾ ਹਿਸਾਬ ਹੋਰ ਹੈ ਤੇਰਾ ਹਿਸਾਬ ਹੋਰ।

ਰੁੱਤਾਂ ਤੇ ਐਵੇਂ ਝੂਰ ਨਾ ਤਕ ਮੌਸਮਾਂ ਦੇ ਰੰਗ,
ਅਉਣੀ ਬਹਾਰ ਫੇਰ ਵੀ ਖਿੜਨੇ ਗ਼ੁਲਾਬ ਹੋਰ।

ਭਰੀਏ ਹੁੰਗਾਰਾ ਕਿਸ ਤਰ੍ਹਾਂ ਤੇਰੇ ਜਵਾਬ ਦਾ,
ਸਾਡਾ ਸਵਾਲ ਹੋਰ ਹੈ, ਤੇਰਾ ਜਵਾਬ ਹੋਰ।

ਹੱਸੋ ਨਾ ਮੇਰੇ ਹਾਲ ਤੇ ਹੋਇਆ ਨਹੀਂ ਮੈਂ ਫੇਲ੍ਹ,
ਪੜਨੀ ਹੈ ਮੈਂ ਤਾਂ ਪ੍ਰੀਤ ਦੀ ਹਾਲੇ ਕਿਤਾਬ ਹੋਰ।

ਦਿੱਤੈ ਹੁਲਾਰਾ ਜਿੰਦ ਨੂੰ ਸਾਹਾਂ ਦੀ ਪੀਂਘ ਤੇ,
ਲਹਿਰਾਂ ਗਏ ਨੇ ਆਪਣੇ ਨੈਣਾਂ ’ਚ ਖ਼ਾਬ ਹੋਰ।

ਨਿਖਰੇ ਸਗੋਂ ਕਿ ਹੋਰ ਵੀ ਮੇਰੀ ਗ਼ਜ਼ਲ ਦਾ ਰੰਗ,
ਦੇਵੇ ਵੀ ਧੋਖਾ ਕੋਈ ਤਾਂ ਦੇਵੇ ਜਨਾਬ ਹੋਰ।

ਉੱਚੀ ਹਵਾ ’ਚ ਆਪਣੇ ਯਾਰਾਂ ਦੀ ਹੈ ਹਵਾ,
“ਪਰਦੇਸੀ” ਉੱਚਾ ਉੜਨ ਦੇ ਦਿਲ ਦਾ ਉਕਾਬ ਹੋਰ।



# ਅਸੀਂ ਮਜਬੂਰ ਹੋ ਚੱਲੇ

ਤੇਰੀ ਮਹਿਫ਼ਿਲ ’ਚੋਂ ਉੱਠਣ ਨੂੰ ਅਸੀਂ ਮਜਬੂਰ ਹੋ ਚੱਲੇ।
ਸਿਤਮ ਤੇਰੀ ਜਵਾਨੀ ਦੇ ਬੜੇ ਮਸ਼ਹੂਰ ਹੋ ਚੱਲੇ।

ਤੁਹਾਡੇ ਘਰ ’ਚ ਆਏ ਹਾਂ ਤੁਸੀਂ ਏਨੇ ਖ਼ਫ਼ਾ ਕਿਉਂ ਹੋ ?
ਅਸੀਂ ਹੀ ਕੋਲ ਨਈਂ ਬਹਿੰਦੇ ਤੁਸੀਂ ਕਿਉਂ ਦੂਰ ਹੋ ਚੱਲੇ।

ਤੁਹਾਡਾ ਦੋਸ਼ ਕੀ ਹੈ ਦੋਸ਼ ਹੈ ਜ਼ਾਲਿਮ ਜਵਾਨੀ ਦਾ,
ਜਦੋਂ ਦਾ ਪੈਰ ਇਸ ਪਾਇਆ ਤੁਸੀਂ ਮਗ਼ਰੂਰ ਹੋ ਚੱਲੇ।

ਖ਼ਬਰ ਕੀ ਹੈ ਤੁਹਾਨੂੰ ਕੀ ਤੁਸੀਂ ਮਹਿਫ਼ਿਲ ’ਚ ਕੀਤਾ ਹੈ,
ਤੁਹਾਡੀ ਬੇ-ਰੁਖ਼ੀ ਸਦਕੇ ਇਹ ਸ਼ੀਸ਼ੇ ਚੂਰ ਹੋ ਚੱਲੇ।

ਅਸਾਡੇ ਦਿਨ ਦੀ ਹਸਤੀ ਦੇ ਤੁਸੀਂ ਹੋਏ ਉਦੋਂ ਵਾਕਿਫ਼,
ਤੁਹਾਡੀ ਰਾਤ ਦੇ ਤਾਰੇ ਜਦੋਂ ਬੇ-ਨੂਰ ਹੋ ਚੱਲੇ।

ਕਰੇਂ ਸ਼ਿਕਵਾ ਗਿਲਾ ਉਸ ਤੇ ਤੂੰ ਹੁਣ ਕਿਉਂ ਫ਼ੇਰ “ਪਰਦੇਸੀ”
ਜਦੋਂ ਦਸਤੂਰ ਉਹਨਾਂ ਦੇ ਨੇ ਬੇ-ਦਸਤੂਰ ਹੋ ਚੱਲੇ।



# ਯਾਰੀ ਵੇਖੀ ਹੈ

ਯਾਰੋ ਮੈਂ ਯਾਰਾਂ ਦੀ ਯਾਰੀ ਵੇਖੀ ਹੈ।
ਯਾਰੀ ਦੇ ਵਿਚ ਖ਼ੂਬ ਖ਼ੁਆਰੀ ਵੇਖੀ ਹੈ।

ਸ਼ੇਰ ਨਹੀਂ ਹੈ ਏਸ ਲਈ ਇਸ ਜੰਗਲ ਵਿਚ,
ਗਿਦੜਾਂ ਦੀ ਚਲਦੀ ਸਰਦਾਰੀ ਵੇਖੀ ਹੈ।

ਮੂਲ ਨਹੀਂ ਮੈਂ ਡਰਦਾ ਇਹਨਾਂ ਬਦਲਾਂ ਤੋਂ,
ਵਰਖਾ ਮੈਂ ਭਾਰੀ ਤੋਂ ਭਾਰੀ ਵੇਖੀ ਹੈ।

ਪਿਆਰ ਅਜੇ ਵੀ ਉਸ ਜ਼ਾਲਿਮ ਨੂੰ ਕਰਦਾ ਹਾਂ,
ਇਸ਼ਕ ਜਿਦ੍ਹੇ ਵਿਚ ਹਾਰ ਕਰਾਰੀ ਵੇਖੀ ਹੈ।

ਉਹ ਭਾਵੇਂ ਨਾ ਹੰਝੂ ਮੇਰੇ ਵੇਖ ਸਕੀ,
ਮੈਂ ਉਸ ਦੇ ਕਜਲੇ ਦੀ ਧਾਰੀ ਵੇਖੀ ਹੈ।







ਮੇਰੀ ਕਵਿਤਾ ਦੇ ਵਿਚ ਉਸ ਦਾ ਚਿਹਰਾ ਏ,
ਮੈਂ ਜੀਵਨ ਵਿਚ ਜਿਹੜੀ ਨਾਰੀ ਵੇਖੀ ਹੈ।

ਵਰ੍ਹਦਾ ਹੈ ਮੀਂਹ ਅੱਗ ਦਾ ਮੇਰੇ ਸੀਨੇ ਤੇ,
ਜਦ ਤੋਂ ਉਸ ਦੀ ਜ਼ੁਲਫ਼ ਖਿਲਾਰੀ ਵੇਖੀ ਹੈ।

ਦੁਨੀਆਂ ਭਰ ਦੇ ਦਰਦਾਂ ਦਾ ਉਹ ਵਣਜ ਕਰੇ,
"ਪਰਦੇਸੀ" ਦੀ ਦੁਨਿਆਂਦਾਰੀ ਵੇਖੀ ਹੈ।

# ਇਹਨੀ ਦਿਨੀਂ

ਹੁਸਨ ਹੈ ਨਾ ਪਿਆਰ ਹੈ ਇਹਨੀ ਦਿਨੀਂ।
ਜ਼ਿੰਦਗੀ ਦੁਸ਼ਵਾਰ ਹੈ ਇਹਨੀ ਦਿਨੀਂ।

ਰੋਜ਼ ਗੀਤਾਂ ਦਾ ਲਹੂ ਪੀਂਦੀ ਹੈ ਇਹ,
ਖੁਸ਼ ਬਹੁਤ ਤਲਵਾਰ ਹੈ ਇਹਨੀ ਦਿਨੀਂ।

ਗ਼ਮ ਗੁਫ਼ਾ, ਦਰਦਾਂ ਦੇ ਦਰ, ਚੀਸਾਂ ਦੀ ਛੱਤ,
ਆਪਣਾ ਘਰ-ਬਾਰ ਹੈ ਇਹਨੀ ਦਿਨੀਂ।

ਹਾਸਿਆਂ ਤੇ ਰੋਣ ਤੇ ਪਾਬੰਦੀਆਂ,
ਆਪਣੀ ਸਰਕਾਰ ਹੈ ਇਹਨੀ ਦਿਨੀਂ।

ਦਰਦ ਦੁਨੀਆਂ ਭਰ ਦਾ ਕੱਠਾ ਕਰ ਰਿਹਾਂ,
ਖੂਬ ਕਾਰੋਬਾਰ ਹੈ ਇਹਨੀ ਦਿਨੀਂ।

ਖਾਹਿਸ਼ਾਂ ਨੇ ਖੁਦਕੁਸ਼ੀ ਹੈ ਕਰ ਲਈ,
ਮੌਤ ਦਾ ਸੰਸਾਰ ਹੈ ਇਹਨੀ ਦਿਨੀਂ।







ਆਪਣੇ ਦਿਲ ਦੀ ਕਰੇ ਮਨ ਦੀ ਕਹੇ,
ਕਿਸੇ ਨੂੰ ਅਖਤੀਆਰ ਹੈ ਇਹਨੀ ਦਿਨੀਂ।

ਰਾਤ ਦਿਨ ਡਰ ਜ਼ਿੰਦਗੀ ਨੂੰ ਹੈ ਮੇਰਾ,
ਮੌਤ ਨੂੰ ਹੰਕਾਰ ਹੈ ਇਹਨੀ ਦਿਨੀਂ।

ਕੌਣ ''ਪਰਦੇਸੀ'' ਕਰੇ ਤੇਰਾ ਯਕੀਨ,
ਕੀ ਤੇਰਾ ਇਤਬਾਰ ਹੈ ਇਹਨੀ ਦਿਨੀਂ।

# ਦਿਨ-ਬ-ਦਿਨ

ਹਾਦਿਸੇ ਦਰ ਹਾਦਿਸੇ ਅਪਣਾ ਰਹੇ ਹਾਂ ਦਿਨ-ਬ-ਦਿਨ।
ਸਦਮਿਆਂ ਦੀ ਭੀੜ ਨੂੰ ਗਲ ਲਾ ਰਹੇ ਹਾਂ ਦਿਨ-ਬ-ਦਿਨ।

ਦਿਨ-ਬ-ਦਿਨ ਹੀ ਸਾਡਿਆਂ ਸਿਵਿਆਂ 'ਚ ਵੱਜਣ ਤਾੜੀਆਂ,
ਬਹਿ ਘਰੀਂ ਬਸ ਮਰਸੀਏ ਹੀ ਗਾ ਰਹੇ ਹਾਂ ਦਿਨ-ਬ-ਦਿਨ।

ਦਿਨ-ਬ-ਦਿਨ ਅਪਣਾ ਰਹੇ ਹਾਂ ਨੇੜਤਾ ਦੀ ਮੌਤ ਨੂੰ,
ਜ਼ਿੰਦਗੀ ਤੋਂ ਦੂਰ ਹੁੰਦੇ ਜਾ ਰਹੇ ਹਾਂ ਦਿਨ-ਬ-ਦਿਨ।

ਸਹਿਕਦੇ ਜ਼ਖਮਾਂ ਤੇ ਧਰ ਕੇ ਮੋਤੀਏ ਦੇ ਫੁੱਲ ਅਸੀਂ,
ਮਹਿਕਦੇ ਫੁੱਲਾਂ ਨੂੰ ਵੀ ਤੜਪਾ ਰਹੇ ਹਾਂ ਦਿਨ-ਬ-ਦਿਨ।

ਆਪਣੇ ਸਾਹਾਂ 'ਚੋਂ ਧੁਖਦੀ ਪੀੜ ਦਾ ਦਰ ਖੋਲ੍ਹ ਕੇ,
ਛਾਲਿਆਂ ਨੂੰ ਜੀਭ ਤੇ ਅਟਕਾ ਰਹੇ ਹਾਂ ਦਿਨ-ਬ-ਦਿਨ।

ਮੰਗ ਕੇ ਤੱਤੀ ਹਵਾ ਦੇ ਰੂਪ ਤੇ ਰੰਗਾਂ ਦੀ ਖ਼ੈਰ,
ਰਾਂਗਲੇ ਮੌਸਮ ਨੂੰ ਲਾਂਬੂ ਲਾ ਰਹੇ ਹਾਂ ਦਿਨ-ਬ-ਦਿਨ।

ਵਧ ਰਹੀ ਅਪਣੇ ਚੁਫੇਰੇ ਮਾਤਮੀ ਰਾਗਾਂ ਦੀ ਭੀੜ,
ਗੀਤ "ਪਰਦੇਸੀ" ਇਹ ਕੈਸੇ ਗਾ ਰਹੇ ਹਾਂ ਦਿਨ-ਬ-ਦਿਨ।



# ਕਸਮਾਂ ਤੇ ਆ ਗਿਆ

ਫੇਰ ਕਸਮਾਂ ਤੇ ਆ ਗਿਆ ਕੋਈ।
ਫੇਰ ਹੋਵੇਗਾ ਹਾਦਸਾ ਕੋਈ।

ਦੂਰ ਜਾਂਦਾ ਨਹੀਂ ਹੈ ਪਲ ਭਰ ਵੀ,
ਇਸ ਤਰ੍ਹਾਂ ਹੋ ਗਿਐ ਜੁਦਾ ਕੋਈ।

ਬੇ-ਸਮਝ ਜਾਂ ਚਲਾਕ ਹੋਵੇਗਾ,
ਇਹ ਜੋ ਜੁਗਨੂੰ ਲੁਕਾ ਗਿਆ ਕੋਈ।

ਕੀ ਅਵਸਥਾ ਹੈ, ਇਹ ਕਿ ਦਿਲ ਚਾਹੇ,
ਕੋਲ ਆਵੇ ਨਾ ਦੂਸਰਾ ਕੋਈ।

ਦਿਲ ਤੋਂ ਪੈੜਾਂ ਨਾ ਉਮਰ ਭਰ ਮਿਟੀਆਂ,
ਫੁੱਲ ਲੰਘਿਆ ਸੀ ਮੁਸਕਰਾ ਕੋਈ।

ਹਾਕ ਮਾਰਾਂ ਕਿਸੇ ਨੂੰ ਆ ਜਾਵੇ,
ਨਾਮ ਮੂੰਹ ਤੇ ਭਲਾ ਜਿਹਾ ਕੋਈ।

ਸਭ ਤੋਂ ਬੁਰੀਆਂ ਨੇ ਤੇਰੀਆਂ ਨਜ਼ਰਾਂ,
ਹੋਰ "ਪਰਦੇਸੀ" ਨਾ ਬੁਰਾ ਕੋਈ।

# ਮਾਂ ਦੇ ਨਾਂ

ਅਸੀਂ ਤਾਂ ਉਮਰ ਭਰ ਦਰਦਾਂ 'ਚ ਘਿਰਿਆ ਵੇਖਿਆ ਤੈਨੂੰ।
ਨਾ ਨਿਕਲੀ ਦਰਦ ਅਪਣੇ 'ਚੋ ਬੜਾ ਹੀ ਕੱਢਿਆ ਤੈਨੂੰ।

ਤੂੰ ਦੇਵੀ ਸੈਂ ਤੇ ਦੇਵੀ ਵੀ ਸੈਂ ਅਕਸਰ ਦੇਵੀਆਂ ਦੀ ਤੂੰ,
ਮੁਕੱਦਰ ਕੀ ਤੇਰਾ, ਮਿਲਿਆ ਜੋ ਐਸਾ ਦੇਵਤਾ ਤੈਨੂੰ।

ਇਹ ਤੇਰੇ ਚਾਰ ਥੰਮਾਂ ਵਿਚ ਤਰੇੜਾਂ ਹੀ ਤਰੇੜਾਂ ਸਨ,
ਨੀ ਛੱਤੇ ਕਿਸ ਤਰ੍ਹਾਂ ਜਾਣਾ ਸੀ ਡਿਗਣੋਂ ਰੋਕਿਆ ਤੈਨੂੰ।

ਮੁੱਕਦਰ ਸੀ ਤੇਰਾ ਅਪਣਾ, ਚਮਨ ਦੀ ਬਦ-ਨਸੀਬੀ ਜਾਂ,
ਬਹਾਰਾਂ ਨੇ ਤਾਂ ਫੜ੍ਹ-ਫੜ੍ਹ ਕੇ ਬੜਾ ਹੀ ਰੋਕਿਆ ਤੈਨੂੰ।

ਤੂੰ ਇਸ ਰੰਗਾਂ ਦੀ ਬਸਤੀ ਵਿਚ ਖਿਲਾਰੇ ਚਾਰ ਰੰਗ ਅਪਣੇ,
ਵਿਦਾ ਹੋਈਓਂ ਤਾਂ ਮਿਲਿਆ ਮੁੱਲ ਤਾਂ ਬੱਸ ਇਕ ਦਾ ਤੈਨੂੰ।

ਤੇਰੇ ਤੁਰ ਜਾਣ ਦਾ ਤਾਂ ਬੋਝ ਦਿਲ ਉੱਤੇ ਨਹੀਂ ਏਨਾ,
ਕਿ ਹੈ ਅਫ਼ਸੋਸ ਜਿੰਨਾ, ਕਿਸ ਤਰ੍ਹਾਂ ਹੈ ਤੋਰਿਆ ਤੈਨੂੰ।







ਸੁਗੰਧੀ ਦੂਰ ਤੱਕ ਤੇਰੇ ਚੁਹਾਂ ਬਾਗਾਂ 'ਚੋਂ ਜਾਵੇਗੀ,
ਇਹ ਤਰਸੇਗਾ ਮਗਰ ਪਲ ਪਲ ਸੁਗੰਧਤ ਕਾਫ਼ਿਲਾ ਤੈਨੂੰ।

ਖ਼ੁਦਾ ਦਾ ਕਹਿਰ ਕਹੀਏ ਜਾਂ ਇਹ ਕਿਸਮਤ ਆਪਣੀ ਕਹੀਏ,
ਸਮਝ ਵਿਚ ਹੀ ਨਹੀਂ ਆਉਂਦਾ ਕਿ ਕਹੀਏ "ਮਾਂ" ਜਾਂ ਕਹੀਏ ਹਾਦਸਾ ਤੈਨੂੰ।

ਤੂੰ ਬਰਫ਼ੀਲੇ ਜਿਹੇ ਜੀਵਨ 'ਚ ਸਨ ਅੰਗਿਆਰ ਹੰਢਾਏ,
ਤੇ ਕਿਉਂ ਨਾ ਉਮਰ ਭਰ ਦਾ ਆਖੀਏ ਧੁਖਦਾ ਸਿਵਾ ਤੈਨੂੰ।

ਉਹ ਕੀਰਤਪੁਰ ਰਹੂ ਚੇਤੇ ਕਦੀ ਜੋ ਮੈਂ ਤੇ ਭੂਰੀ ਨੇ,
ਤੇਰੇ ਫੁੱਲਾਂ ਨੂੰ ਛੋਹ ਮੱਥਾ ਕਿਹਾ ਸੀ ਅਲਵਿਦਾ ਤੈਨੂੰ।

ਨਾ "ਪਰਦੇਸੀ" ਕਦੀ ਬਿੱਲੂ ਕਹਾਏਂਗਾ ਕਿਸੇ ਤੋਂ ਹੁਣ,
ਨਾ ਕੋਈ ਹੁਣ ਕਹੇਗਾ ਜ਼ੋਰ ਲਾ ਕੇ ਮੂਰਖ਼ਾ ਤੈਨੂੰ।

# ਹਵਾ ਹੋ ਗਏ

ਜ਼ਖਮ ਦਿਲ ਦੇ ਵਿਖਾ ਹੋ ਗਏ।
ਯਾਰ ਵਿਹੰਦੇ ਹਵਾ ਹੋ ਗਏ।

ਯਾਦ ਉਹਨਾਂ ਨੂੰ ਕਰਦਾ ਏ ਕੌਣ,
ਜਿਹੜੇ ਵਾਅਦੇ ਵਫ਼ਾ ਹੋ ਗਏ।

ਕਾਗ਼ ਦਿੰਦੇ ਸੁਨੇਹਾ ਕਿਵੇਂ ?
ਬੈਠਦੇ ਹੀ ਉੜਾ ਹੋ ਗਏ।

ਇਸ ਚਮਨ 'ਚੋ ਮੁਹੱਬਤ ਦੇ ਗੀਤ,
ਬੁਲਬੁਲਾਂ ਤੋਂ ਲੁਟਾ ਹੋ ਗਏ।

ਬੇ-ਸਹਾਰੇ ਜਹੇ ਲੋਕ ਹੀ,
ਆਪਣਾ ਆਸਰਾ ਹੋ ਗਏ।

ਨਾ ਦਵਾ ਹੈ ਤੇ ਨਾ ਹੀ ਦੁਆ,
ਜ਼ਖਮ ਹੀ ਬੇ-ਮਜ਼ਾ ਹੋ ਗਏ।








ਨਾ ਦਿਸੇ ਨਾ ਹੀ ਸੁਣਦੇ ਨੇ ਹੂਕ,
ਕਿਸ ਤਰ੍ਹਾਂ ਦੇ ਖ਼ੁਦਾ ਹੋ ਗਏ।

ਚੋਗ ਧਰਤੀ ਦਾ ਅਰਸ਼ਾਂ ਦੀ ਪ੍ਰੀਤ,
ਪੰਛੀਆਂ ਦੇ ਸੁਭਾਅ ਹੋ ਗਏ।

ਗੀਤ "ਪਰਦੇਸੀ" ਜੋ ਤੂੰ ਲਿਖੇ,
ਦੋਸਤਾਂ ਦਾ ਗਿਲਾ ਹੋ ਗਏ।

# ਸੀ ਉਹ ਬਹੁਤ ਉਦਾਸ

ਉਦਰੇਵੇਂ ਦੀ ਬੁੱਕਲ ਮਾਰੀ ਸੀ ਉਹ ਬਹੁਤ ਉਦਾਸ।
ਚੁੱਪ ਕਰਕੇ ਮੈਂ ਵੀ ਜਾ ਬੈਠਾ ਉਸ ਪੰਛੀ ਦੇ ਪਾਸ।

ਲੰਮੀ ਖ਼ਾਮੋਸ਼ੀ ਦੇ ਪਿੱਛੋਂ ਦੋਵੇਂ ਕੂਕ ਪਏ,
ਚਾਂਦੀ ਰੰਗੀ ਝੀਲ 'ਚ ਡੁੱਬ ਕੇ ਗਾਈਏ ਪਿਆਸ-ਪਿਆਸ।

ਚਲ ਫਿਰ ਮੁੜ ਕੇ ਲੁੱਡੀ ਪਾਈਏ ਕਰੀਏ ਬਚਪਨ ਯਾਦ,
ਅਪਣੇ ਚਾਵਾਂ ਸੱਧਰਾਂ ਦਾ ਹੁਣ ਮੁੱਕ ਗਿਆ ਬਨਵਾਸ।

ਤੂੰ ਸਾਵਣ ਦੀ ਪੌਣ ਜਿਹੀ ਤੇ ਮੈਂ ਬਦਲੋਟੀ ਜਾਇਆ,
ਮਚਦੇ ਮੌਸਮ ਤੇ ਚਲ ਕਰੀਏ ਬਰਫ਼ਾਨੀ ਬਰਸਾਤ।

ਭਾਵੇਂ ਸਾਰੀ ਰਾਤ ਹੀ ਚਾਨਣ ਕਮਰੇ ਵਿਚ ਨਾ ਵੜਿਆ,
ਦਿਨ ਚੜ੍ਹਦੇ ਤੱਕ ਜਿੰਦਾ ਸੀ ਪਰ ਜਗਦੀ ਬੁਝਦੀ ਆਸ।

ਇਹ ਤਾਂ ਸੱਚ ਹੈ ਪਤਝੜ ਰੁੱਤੇ ਕਲੀਆਂ ਪੁੰਗਰ ਪੈਣ,
ਇਹ ਵੀ ਸੱਚ ਹੈ ਜੁੜ ਜਾਂਦਾ ਹੈ ਟੁੱਟ ਚੁੱਕਾ ਅਹਿਸਾਸ।

ਸਾਡੇ ਵਾਂਗੂੰ ਵੀ ਨਾ ਕੋਈ ਅੱਗ ਵਿਹੂਣਾ ਹੋਵੇ,
ਚਲ "ਪਰਦੇਸੀ" ਸਿਵਿਆਂ ਦੇ ਵਿਚ ਕਰੀਏ ਇਹ ਅਰਦਾਸ।





# ਕੀ ਵਾਕਿਆ

ਹੋ ਗਿਆ ਪਰਦੇਸੀਆ ਕੀ ਵਾਕਿਆ।
ਫੇਰ ਜੋ ਅਪਣੇ ਹੀ ਘਰ ਨੂੰ ਪਰਤਿਆ।

ਇਸ ਭਰੀ ਬਰਸਾਤ ਵਿਚ ਤੂੰ ਕਿਸ ਤਰ੍ਹਾਂ,
ਗੁੰਮ ਜਿਹਾ ਚੁੱਪ ਚਾਪ ਆ ਕੇ ਬਹਿ ਗਿਆ।

ਇਹ ਕਿਹਾ ਮੌਸਮ ਕਿ ਵੰਝਲੀ ਰੋ ਪਈ,
ਨਗ਼ਮਿਆਂ ਦਾ ਸਾਹ ਪਿਆ ਹੈ ਸੂਤਿਆ।

ਮੈਂ ਸਮੁੰਦਰ ਹਾਂ ਇਹ ਮੈਨੂੰ ਸੀ ਗ਼ਰੂਰ,
ਪਰ ਗਿਆ ਨਦੀਆਂ ਦੇ ਹੱਥੋਂ ਰਿੜਕਿਆ।

ਜ਼ਖ਼ਮ ਹੈ ਇਹ ਜ਼ਖ਼ਮ ਹੈ ਇਹ ਜ਼ਖ਼ਮ ਹੈ,
ਇਹ ਨਹੀਂ ਟੋਇਆ ਜੋ ਜਾਵੇ ਪੂਰਿਆ।

ਇਹ ਕਿਹਾ ਸਾਵਣ ਹੈ ਜਿੰਦੂ ਮੇਰੀਏ,
ਗਰਕਜਾਣਾ ਗਰਜਿਆ ਨਾ ਬਰਸਿਆ।

ਪਤਝੜਾਂ ਨੇ ਲਾ ਲਿਆ ਏ ਗਲ ਦੇ ਨਾਲ,
ਜਦ ਵੀ "ਪਰਦੇਸੀ" ਬਹਾਰਾਂ ਝਿੜਕਿਆ।

# ਅੱਜ ਕੱਲ

ਦਿਲ ਬਹੁਤ ਹੀ ਉਦਾਸ ਹੈ ਅੱਜ-ਕੱਲ।
ਗ਼ਮ 'ਚ ਅਗਿਆਤ ਵਾਸ ਹੈ ਅੱਜ-ਕੱਲ।

ਜ਼ਖ਼ਮੀ-ਜ਼ਖ਼ਮੀ ਹੈ ਨੈਣਾਂ ਦਾ ਕਜਲਾ,
ਨੈਣੀਂ ਸਤਲੁਜ ਬਿਆਸ ਹੈ ਅੱਜ-ਕੱਲ।

ਕੌਣ ਰਹਿਬਰ ਤੇ ਕੌਣ ਰਹਿਜ਼ਨ ਹੈ,
ਕਿਸ ਨੂੰ ਏਨੀ ਸ਼ਨਾਸ ਹੈ ਅੱਜ-ਕੱਲ।

ਚੁਪ ਚੁਪੀਤੇ ਜਿਹੇ ਹੀ ਰਹਿੰਦੇ ਹੋ,
ਬਾਤ ਕੋਈ ਤਾਂ ਖ਼ਾਸ ਹੈ ਅੱਜ-ਕੱਲ।

ਸੁਰਖ਼ ਸੁਬਹਾ ਤੋਂ ਇਹ ਨਹੀਂ ਬੁਝਣੀ,
ਸ਼ਾਮ ਰੰਗੀ ਪਿਆਸ ਹੈ ਅੱਜ-ਕੱਲ।







ਹਾਲ ਪੁੱਛਦੇ ਹੋ ਕੀ ਬਹਾਰਾਂ ਦਾ,
ਮੋਈਆਂ ਕਲੀਆਂ ਦੀ ਬਾਸ ਹੈ ਅੱਜ-ਕੱਲ।

ਲੀਰਾਂ ਹੋਈਆਂ ਇਹ ਕਾਲੀਆਂ ਰਾਤਾਂ,
ਮੇਰੇ ਗ਼ਮ ਦਾ ਲਿਬਾਸ ਹੈ ਅੱਜ-ਕੱਲ।

ਇਹ ਵੀ ''ਪਰਦੇਸੀ'' ਕੈਸਾ ਆਲਮ ਹੈ,
ਗੁੰਮ ਹੋਸ਼ੋ ਹਵਾਸ ਹੈ ਅੱਜ-ਕੱਲ।

# ਅੱਗ ਪਾਣੀ ਨੂੰ

ਅੱਗ ਪਾਣੀ ਨੂੰ ਜੇ ਲਗਾਵੋਗੇ।
ਵੈਣ ਜਮਨਾ ਕਿਨਾਰੇ ਪਾਵੋਗੇ।

ਸਾਨੂੰ ਹੰਝੂ ਹੀ ਜੇ ਪਿਲਾਵੋਗੇ।
ਫੇਰ ਮਹਿਕਾਂ ਕਿਵੇਂ ਹੰਢਾਵੋਗੇ।

ਸਾਡੇ ਦਿਲ 'ਚੋ ਨਿਕਲ ਤਾਂ ਜਾਵੋਗੇ।
ਆਲ੍ਹਣਾ ਕਿਸ ਜਗ੍ਹਾਂ ਬਣਾਵੋਗੇ।

ਨਕਸ਼ ਰੰਗਾਂ ਦੇ ਜੇ ਮਿਟਾਵੋਗੇ।
ਅਪਣੀ ਸੂਰਤ ਹੀ ਭੁੱਲ ਜਾਵੋਗੇ।

ਇਉਂ ਜੇ ਜੱਫੀਆਂ ਹਵਾ ਨੂੰ ਪਾਵੋਗੇ।
ਫਿਰ ਤਾਂ ਸਦਮੇ ਹੀ ਗਲ ਨੂੰ ਲਾਵੋਗੇ।

ਹੁਣ ਜੇ ਗੁੱਡੀਆਂ 'ਚ ਵਰਚ ਜਾਵੋਗੇ।
ਉਮਰ ਲੀਰਾਂ 'ਚ ਫਿਰ ਬਿਤਾਵੋਗੇ।

ਸੁਬਹ ਹੱਸ ਕੇ ਚਲੇ ਹੋ "ਪਰਦੇਸੀ"
ਸ਼ਾਮੀਂ ਰੋਂਦੇ ਘਰਾਂ ਨੂੰ ਆਵੋਗੇ।



# ਬਤੰਗੜ ਬਣਾਇਆ

ਚਿਣਗਾਂ ਨੂੰ ਸਰਦ ਰੁੱਤ 'ਚ ਮੈਂ ਦਿਲ ਤੇ ਟਿਕਾ ਲਿਆ।
ਏਨੀ ਕੁ ਬਾਤ ਦਾ ਤੂੰ ਬਤੰਗੜ ਬਣਾ ਲਿਆ।

ਕਾਦਿਰ ਤੋਂ ਨਾਮ ਓਸ ਦਾ ਹੱਥ ਤੇ ਲਿਖਾ ਲਿਆ।
ਇਕ ਹੋਰ ਹਾਦਸਾ ਅਸੀਂ ਗਲ ਨਾਲ ਲਾ ਲਿਆ।

ਮਾਰੂਥਲਾਂ ਦੀ ਪੌਣ ਦਾ ਕੋਈ ਵੀ ਦੋਸ਼ ਨਾ,
ਮੈਨੂੰ ਤਾਂ ਮੇਰੇ ਲਾਡਲੇ ਸਾਹਾਂ ਨੇ ਖਾ ਲਿਆ।

ਸਭ ਟਹਿਣੀਆਂ ਤੇ ਬੈਠੀਆਂ ਖਾਮੋਸ਼ ਬੁਲਬੁਲਾਂ,
ਕਿਸ ਨੇ ਇਨ੍ਹਾਂ ਦੀ ਪ੍ਰੀਤ ਦਾ ਨਗ਼ਮਾ ਚੁਰਾ ਲਿਆ।

ਅੱਜ-ਕੱਲ ਸਪੇਰਿਆਂ ਨੂੰ ਵੀ ਸੱਪਾਂ ਦਾ ਖੌਫ਼ ਹੈ।
ਜਿਗਰਾ ਅਸਾਂ ਦਾ ਹੱਥ ਅਸੀਂ ਵਰਮੀ 'ਚ ਪਾ ਲਿਆ।

ਕਿਰਨਾਂ ਦੀ ਲੱਪ ਕੁ ਵਾਸਤੇ ਕੱਢਦਾ ਸੀ ਹਾੜ੍ਹੇ ਜੋ,
ਬੁੱਕਲ 'ਚ ਵੇਖੋ ਓਸ ਨੇ ਸੂਰਜ ਲੁਕਾ ਲਿਆ।

"ਪਰਦੇਸੀ" ਤੈਨੂੰ ਭੁੱਲ ਗਏ ਤੇਰੇ ਵਤਨ ਦੇ ਲੋਕ,
ਜਿੰਨ੍ਹਾਂ ਲਈ ਤੂੰ ਮੌਤ ਨੂੰ ਹਾਣੀ ਬਣਾ ਲਿਆ।

# ਗੁਜਰੀਏ

ਤਾਂਬੇ ਵਰਗਾ ਰੰਗ ਗੁਜਰੀਏ।
ਕਰਵਾਊਗਾ ਜੰਗ ਗੁਜਰੀਏ।

ਐਵੇਂ ਤਾਰੇ ਨਾ ਗਿਣਿਆ ਕਰ,
ਦਿਲ ਲੋਕਾਂ ਦੇ ਤੰਗ ਗੁਜਰੀਏ।

ਨਾਗਾਂ ਤੋਂ ਬਚਦੀ ਫਿਰਦੀ ਨੂੰ,
ਜੋਗੀ ਜਾਸਣ ਡੰਗ ਗੁਜਰੀਏ।

ਸਾਡਾ ਵੀ ਨਈਂ ਤਖ਼ਤ ਹਜ਼ਾਰਾ,
ਜੇ ਨਈਂ ਤੇਰਾ ਝੰਗ ਗੁਜਰੀਏ।

ਜੋ ਕੁਝ ਰੱਬ ਵੀ ਦੇ ਨਹੀਂ ਸਕਦਾ,
ਉਹ ਸਾਡੇ ਤੋਂ ਮੰਗ ਗੁਜਰੀਏ।

ਅੰਮ੍ਰਿਤ ਦਾ ਹੋਕਾ ਦੇਨੀ ਏਂ,
ਏਥੇ ਭੁਜਦੀ ਭੰਗ ਗੁਜਰੀਏ।







ਜੂਠਾਂ ਕੋਲੋਂ ਰੱਖ ਬਚਾ ਕੇ,
ਅਪਣੀ ਸੁੱਚੀ ਸੰਗ ਗੁਜਰੀਏ।

ਪੌਣਾਂ ਵਿਚ ਘੁਲ ਮਿਲ ਜਾਣੇ ਦਾ,
ਸਿੱਖ ਮਹਿਕਾਂ ਤੋਂ ਢੰਗ ਗੁਜਰੀਏ।

'ਪਰਦੇਸੀ' ਤੇ ਸ਼ਿਕਵਾ ਕਾਹਦਾ,
ਉਹ ਤਾਂ ਮਸਤ ਮਲੰਗ ਗੁਜਰੀਏ।

# ਇਹ ਉਹ ਜਾਣੇ ਜਾਂ ਮੈਂ ਜਾਣਾ

ਕਿੰਨ੍ਹੇ ਹੈ ਤੋੜਿਆ ਸਾਨੂੰ ਤੇ ਕਿਸ ਖੰਡਰ ਬਣਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਸ਼ਹੀਦਾਂ ਦੀ ਕਤਾਰ ਅੰਦਰ ਹੈ ਸਾਨੂੰ ਕਿਸ ਖੜ੍ਹਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਅਸਾਡੀ ਅੱਖੀਆਂ ਸਾਹਵੇਂ ਇਹ ਛਾਵਾਂ ਕਾਤਰਾਂ ਕਰ ਕਰ,
ਕਫ਼ਨ ਧੁੱਪ ਦਾ ਬਣਾ ਸਜਣਾ,

ਕਿਨ੍ਹੇ ਸੰਧੂਰ ਦੀ ਰੁੱਤੇ ਹੈ ਸਿਰ ਉੱਤੇ ਟਿਕਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਕਿਸੇ ਦਾ ਦਰਦ ਕੀ ਸਮਝਣ ਇਹ ਚੰਦਰੇ ਵਾ-ਵਰੋਲੇ,
ਵਾ-ਵਰੋਲੇ, ਵਾ-ਵਰੋਲੇ ਨੇ,

ਅਸਾਡੀ ਜ਼ਿੰਦਗੀ ਵਿੱਚੋਂ ਹੈ ਕਿੰਨਾ ਕੁਝ ਉੜਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਜਦੋਂ ਵੀ ਹਾਸਿਆਂ ਵਰਗਾ ਸੁਣੱਖਾ ਹਾਦਸਾ ਪਲ ਭਰ,
ਅਸਾਨੂੰ ਯਾਦ ਆਇਆ ਹੈ,

ਉਨ੍ਹੇ ਸਾਨੂੰ ਹਸਾ ਦਿੱਤਾ ਕਿ ਉਸ ਸਾਨੂੰ ਰੁਆ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।





ਹਨ੍ਹੇਰੀ ਵਗਣ ਵੇਲੇ ਤੋਂ ਹਨ੍ਹੇਰੀ ਰੁਕਣ ਤੱਕ ਦੀ,
ਵੀ ਕਹਾਣੀ ਕੀ ਕਹਾਣੀ ਹੈ,

ਹੈ ਕਿੱਥੋਂ ਕੀ ਉਡਾ ਦਿੱਤਾ ਤੇ ਕਿੱਥੇ ਕੀ ਗਿਰਾ ਦਿੱਤਾ।
ਇਹ ਉਹ ਜਾਣੇ ਜਾਂ ਮੈਂ ਜਾਣਾ।

ਚੜ੍ਹਾ ਪੀਂਘ ਚਾਵਾਂ ਦੀ ਤੇ ਅੱਧ ਅਸਮਾਨ ਵਿਚ ਖਿੜ-ਖਿੜ,
ਬੜਾ ਹੱਸੇ, ਬੜਾ ਹੱਸੇ।

ਭੁਆਂ ਕੇ ਧਰਤ ਤੇ ਸੁੱਟ ਕੇ ਹੈ ਕਿਸ ਨੇ ਚੁੱਪ ਕਰਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਕਿਵੇਂ ਚੰਧੜ ਇਹ ਮਿਰਜ਼ੇ ਨੂੰ ਫੜਾ ਕੇ ਵਾਗ ਘੋੜੀ ਦੀ,
ਤੇ ਸਾਹਿਬਾਂ ਸੌਂਪ ਕੇ ਤੁਰਗੇ,

ਕੀ ਦੱਸੇ ਜੰਡ "ਪਰਦੇਸੀ" ਇਹ ਚੰਨ ਕਿੱਦਾਂ ਚੜ੍ਹਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

# ਰਾਤ ਦਿਨ

ਕਿਉਂ ਮੈਂ ਤੇਰੇ ਆਉਣ ਦੇ ਸੁਪਨੇ ਸਜਾਏ ਰਾਤ ਦਿਨ।
ਇਸ ਤਿਹਾਈ ਜਿੰਦ ਨੂੰ ਹੰਝੂ ਪਿਲਾਏ ਰਾਤ ਦਿਨ।

ਹੋ ਗਿਐ ਸਭ ਕੁਝ ਤਬਾਹ ਤੇ ਆਖਦੇ ਨੇ ਯਾਰ ਵੀ,
ਸੂਰਜਾਂ ਦੇ ਸਾਥ ਵਿਚ ਤੂੰ ਕਿਉਂ ਜਲਾਏ ਰਾਤ ਦਿਨ।

ਤੂੰ ਨਹੀਂ ਤਾਂ ਰਾਤ ਦਿਨ ਹੀ ਕਾਲਖਾਂ ਦਾ ਸਾਥ ਹੈ,
ਤੇਰੇ ਹੁੰਦੇ ਕਿਸ ਤਰ੍ਹਾਂ ਸੀ ਜਗਮਗਾਏ ਰਾਤ ਦਿਨ।

ਰੋਣਾ ਉਹ ਵੀ ਚੋਰੀ ਚੋਰੀ, ਹੱਸਣਾ ਤਾਂ ਓਪਰਾ,
ਇਸ਼ਕ ਤੇਰੇ ਨੇ ਕਹੇ ਜਲਵੇ ਵਿਖਾਏ ਰਾਤ ਦਿਨ।

ਪੌਣ ਤੇਰੇ ਪਿੰਡ ਦੀ ਹੁਣ ਬਣ ਗਈ ਸੁਪਨਾ ਜਿਹਾ,
ਤੂੰ ਤੇ ਮੈਂ ਜਿਸ ਪੌਣ ਵਿਚ ਹਾਸੇ ਖਿੰਡਾਏ ਰਾਤ ਦਿਨ।

ਉਸ ਚਮਨ ਵਿਚ ਮਹਿਰਮਾਂ ਮੁੜ ਕੇ ਨਹੀਂ ਆਈ ਬਹਾਰ,
ਜਿਸ ਚਮਨ ਦੀ ਗੋਦ ਵਿਚ ਆਪਾਂ ਬਿਤਾਏ ਰਾਤ ਦਿਨ।

ਵਸਲ ਦੀ ਘੁਟ ਵਾਸਤੇ ਪੀਤਾ ਸਮੁੰਦਰ ਹਿਜਰ ਦਾ,
"ਤਾਂਘ ਪਰਦੇਸੀ" ਤੇਰੀ ਵਧਦੀ ਹੀ ਜਾਏ ਰਾਤ ਦਿਨ।





# ਸਾਦਗੀ

ਬੇ-ਖ਼ਬਰ, ਬੇ-ਖ਼ਾਬ ਸੀ ਇਹ ਜ਼ਿੰਦਗੀ।
ਲੈ ਗਈ ਲੁਟ ਕੇ ਤੇਰੀ ਸੰਜੀਦਗੀ।

ਕਦ ਅਸੀਂ ਵੀ ਸੀ, ਕਿਸੇ ਦੇ ਲੈਣ ਦੇ,
ਮਾਰਦੀ ਨਾ ਜੇ ਇਹ ਤੇਰੀ ਸਾਦਗੀ।

ਝੂਠ ਹੈ ਇਹ ਮੈਂ ਖ਼ੁਦਾ ਨੂੰ ਪੂਜਦੈਂ,
ਕਰ ਰਿਹਾ ਹਾਂ, ਤੇਰੀ ਹੀ ਮੈਂ ਬੰਦਗੀ।

ਹੋਰ ਵਧਦੀ ਜਾ ਰਹੀ ਹੈ ਮੇਰੀ ਪੀੜ,
ਸਾਂਭ ਲੈ ਅਪਣੀ, ਅਵੈਦਾ, ਵੈਦਗੀ।

ਕੀ ਕਰੇਂਗਾ ਪਲ ਹੁਧਾਰਾ ਮੰਗ ਕੇ,
ਕੁਝ ਨਾ ਕੀਤਾ ਜਦ ਤੂੰ ਸਾਰੀ ਜ਼ਿੰਦਗੀ।

ਦਿਲ ਲਗੀ "ਪਰਦੇਸੀ" ਕੀਤੀ ਦੋ ਕੁ ਪਲ,
ਰਹਿ ਗਈ ਬਣ ਕੇ ਤਮਾਸ਼ਾ ਜ਼ਿੰਦਗੀ।



# ਦਿਲ ਦੀ ਅੱਗ

ਦਿਲ ਦੀ ਅੱਗ ਨਾ ਪੌਣਾਂ ਅੱਗੇ ਧਰਿਆ ਕਰ।
ਐਵੇਂ ਨਾ ਅਣਹੋਈਆਂ ਗੱਲਾਂ ਕਰਿਆ ਕਰ।

ਭੁਗਤ ਲਵਾਂਗੇ ਜਿਹੜਾ ਵੀ ਡੰਨ ਦੇਵੇਗਾ,
ਜਗ ਕੋਲੋਂ ਐਵੇਂ ਨਾ ਅੜੀਏ ਡਰਿਆ ਕਰ।

ਤਾਂਬੇ ਵਰਗੇ ਚਿਹਰੇ ਢਲ ਢਲ ਜਾਂਦੇ ਨੇ,
ਕੌਣ ਕਹੇ ਸੂਰਜ ਨੂੰ ਜ਼ੁਲਮ ਨਾ ਕਰਿਆ ਕਰ।

ਜਿੰਨਾਂ ਦਿਨ ਨੂੰ ਤਪਦਾ ਏਂ ਰਾਤੀਂ ਵੀ ਤਪ,
ਰਾਤਾਂ ਨੂੰ ਐਵੇਂ ਨਾ ਠੁਰ ਠੁਰ ਕਰਿਆ ਕਰ।

ਜੇ ਧਰਤੀ ਦੀ ਸਰਦੀ ਦਾ ਹੈ ਤੈਨੂੰ ਗ਼ਮ,
ਅੰਬਰ ਚੋਂ ਅੰਗਿਆਰੇ ਬਣ ਕੇ ਵਰ੍ਹਿਆ ਕਰ।

ਅੱਜ-ਕੱਲ ਆਪਣਿਆਂ ਦਾ ਹੀ ਵਿਸ਼ਵਾਸ ਨਹੀਂ,
ਗ਼ੈਰਾਂ ਤੇ ਇਤਬਾਰ ਦਿਲਾ ਨਾ ਕਰਿਆ ਕਰ।







ਘੁੱਟ-ਘੁੱਟ ਜੀਣਾ ਕੁੜ੍ਹ-ਕੁੜ੍ਹ ਮਰਨਾ ਠੀਕ ਨਹੀਂ,
ਮਰਨਾ ਹੀ ਹੈ, ਚੰਗੀ ਮੌਤੇ ਮਰਿਆ ਕਰ।

ਮੈਂ ਇਹ ਹਾਲ ਬਣਾਇਐ ਅਪਣੀ ਮਰਜ਼ੀ ਨਾਲ,
ਮੈਨੂੰ ਵੇਖ ਕੇ ਹੌਕੇ ਨਾ ਤੂੰ ਭਰਿਆ ਕਰ।

ਹੁੰਦੀ ਹੈ ਤਕਲੀਫ਼ ਬੜੀ ''ਪਰਦੇਸੀ'' ਨੂੰ,
ਦੁਖਦੀ ਰਗ਼ ਤੇ ਉਂਗਲ ਨਾ ਤੂੰ ਧਰਿਆ ਕਰ।

# ਪਰਖੇ ਬਾਰਮਬਾਰ

ਨੀਲੇ ਪੀਲੇ ਲਾਲ ਮੈਂ ਸਭ ਪਰਖੇ ਬਾਰਮਬਾਰ।
ਕੀ ਰਾਜਿੰਦਰ ਰਹਿ ਗਿਆ ਹੁਣ ਰੰਗਾਂ ਦਾ ਇਤਬਾਰ।

'ਜੀ ਆਇਆਂ ਨੂੰ' ਕਹਿਣ ਨੂੰ ਹੁਣ ਤਾਂ ਨਈਂ ਕਰਦਾ ਜੀ,
ਹੁਣ ਮਹਿਮਾਨ ਨਿਵਾਜ਼ੀਆਂ ਨੇ ਬਣੀਆਂ ਕਾਰੋਬਾਰ।

ਬਾਹਰ ਸਭ ਨੂੰ ਹਾਸਿਆਂ ਦੇ ਲੰਗਰ ਲਾਈ ਜਾਹ,
ਅਪਣੇ ਅੰਦਰ ਦਰਦ ਦੇ ਪਰ ਲਾਈ ਚੱਲ ਅੰਬਾਰ।

ਅੱਜ ਕੁਝ ਧੁੰਦ ਉਦਾਸ ਹੈ, ਅੱਜ ਫਿਰ ਚਮਕੇਗੀ ਧੁੱਪ
ਵਿੱਥ ਬਣੇਗੀ ਤ੍ਰੇਲ ਅਤੇ ਫੁੱਲਾਂ ਦੇ ਵਿਚਕਾਰ।

ਮੱਥੇ ਵਿਚ ਡੰਗ ਲਾਉਣਗੇ ਇਹ ਕਦ ਤੱਕ ਉੱਡਣੇ ਸੱਪ,
ਦਸਦੇ ਮੌਲਾ ਮੇਰਿਆ ਦਸਦੇ ਪਰਵਦਗਾਰ।

ਜੋੜ ਕਿਸੇ ਦੇ ਜੋੜਦਾ ਹੀ ਟੁੱਟ ਗਿਆ ਏਂ ਆਪ,
ਕਰ ਲੈ ਤੂੰ ਹਮਦਰਦੀਆਂ ਕਰ ਲੈ ਪਰਉਪਕਾਰ।







ਏਥੇ ਸੂਰਜ ਚੰਦ ਨੂੰ ਜਾਂਦੇ ਨੇ ਲੱਗ ਗ੍ਰਹਿਣ,
ਤੂੰ ਰਾਜਿੰਦਰ ਚੀਜ਼ ਕੀ ਦੱਸ ਤੂੰ ਕਿਸ ਪਾਣੀਹਾਰ।

ਉਸ ਨਗਰੀ ਵਿਚ ਜਾਣ ਦੀ ਬਸ ਕਰ ਬੈਠੇ ਸਾਂ ਭੁੱਲ,
ਬੰਦਾ ਭੁੱਲਣਹਾਰ ਹੈ ਤੂੰ ਬਖਸ਼ੀਂ ਬਖਸ਼ਣਹਾਰ।

ਆਪਾਂ ਅਪਣਾ ਖ਼ੂਨ ਹੀ ਜਦ ਕਰ ਬੈਠੇ ਤਕਸੀਮ,
ਫਿਰ ਕੀ ਰਹਿਣਾ ਦਰਦ ਸੀ ਤੇ ਕੀ ਰਹਿਣਾ ਸੀ ਪਿਆਰ।

ਗੂੰਗੀ ਬੋਲੀ ਰੁੱਤ ਹੈ ਦਮ ਘੁੱਟ ਦਾ ਮਾਹੌਲ
ਐਨਾ ਅਪਣੀ ਚੁਪ ਦਾ ਕਿਉਂ ਕਰਨਾ ਸੀ ਵਿਸਥਾਰ।

ਚੱਲ ਉਠ ਮੋਏ ਹਾਸਿਆਂ ਦੀ ਚੱਲੀਏ ਦੇਣ ਮਕਾਣ
ਉਠ "ਪਰਦੇਸੀ" ਮੇਰਿਆ ਉਠ ਰੋਈਏ ਜ਼ਾਰੋਜਾਰ।

# ਐਨਾ ਕੁ ਨਿੱਘ ਸੀ

ਐਨਾ ਕੁ ਨਿੱਘ ਸੀ, ਬਸ ਏਦਾਂ ਦਾ ਪਿਆਰ ਸੀ।
ਰੁੱਤਾਂ ਦਾ ਹਾਦਿਸਾ ਜਿਉਂ ਮੌਸਮ ਬਿਮਾਰ ਸੀ।

ਗੂੰਗਾ ਜਿਹਾ ਸੀ ਦਰਦ ਤੇ ਤੜਪਣ ਵੀ ਸੀ ਅਜੀਬ,
ਗੁੰਮਸੁੰਮ ਜਿਹੀ ਫ਼ਿਜ਼ਾ ਦੇ ਵੀ ਕੁਝ ਆਰ-ਪਾਰ ਸੀ।

ਦਮ ਤੋੜਦਾ ਪਿਆ ਸੀ ਇਕ ਗੀਤ ਦਿਲ ਦੇ ਕੋਲ,
ਅੱਖੀਆਂ ਚ ਟੁਕੜੇ ਹੋ ਰਹੀ ਦਿਲ ਦੀ ਸਿਤਾਰ ਸੀ।

ਇੰਜ ਤਿੜਕਿਆ ਵਜੂਦ ਕਿ ਕਿਰਚਾਂ ਹੀ ਬਣ ਗਿਆ,
ਤੇਰੀ "ਨਹੀ" ਦਾ ਵੇਖ ਲੈ ਕਿੰਨਾ ਕੁ ਭਾਰ ਸੀ।

ਤਪਦੇ ਥਲਾਂ ਦੀ ਰੇਤ ਤੇ ਪਿਆਸਾਂ ਹੀ ਬਖ਼ਸ਼ੀਆਂ,
ਯਾ ਰੱਬ, ਅਸਾਂ ਦੇ ਵਾਸਤੇ ਨਾ ਆਬਸ਼ਾਰ ਸੀ।







ਤੂੰ ਹੀ ਨਹੀਂ ਸੀ ਭਾਂਬੜਾਂ ਦੇ ਹਾਣ ਸਨ ਬੜੇ,
ਮਚਣਾ ਹੈ ਕਿਸ ਦੇ ਨਾਲ ਨਾ ਇਹ ਅਖਤਿਆਰ ਸੀ।

ਮੈਂ ਹਾਸਿਆਂ ਦੇ ਕਤਲ ਨੂੰ ਅਫ਼ਵਾਹ ਸਮਝਿਆ,
ਏਹੀ ਤਾਂ ਮੇਰਾ ਦੋਸ਼ ਸੀ ਏਹੋ ਹੀ ਹਾਰ ਸੀ।

"ਪਰਦੇਸੀ" ਅਪਣੇ ਦੇਸ਼ ਦੇ ਜਦ ਦਿਲ ਚ ਪਰਤਿਆ,
ਦਿਲ ਹੀ ਨਹੀਂ ਸੀ, ਪੂਰਾ ਬਦਨ ਤਾਰ ਤਾਰ ਸੀ।

# ਹੋ ਗਿਆ ਏ ਚਾਨਣ

ਆਇਆ ਸੁਨੇਹਾ ਜ਼ਿੰਦਗੀ ਦਾ ਹੋ ਗਿਆ ਏ ਚਾਨਣ।
ਆਖਿਰ ਅਸਾਨੂੰ ਦੋਸਤੀ ਦਾ ਹੋ ਗਿਆ ਏ ਚਾਨਣ।

ਇਸ ਰੌਸ਼ਨੀ ਦੇ ਯੁਗ ਵਿਚ ਨ੍ਹੇਰੇ ਪਸੰਦ ਉਸ ਨੂੰ,
ਜਿਸ ਆਦਮੀ ਨੂੰ ਚਾਨਣੀ ਦਾ ਹੋ ਗਿਆ ਏ ਚਾਨਣ।

ਤਪਦੀ ਸਵੇਰ ਕਿਸ ਦੀ ਠਰਦੀ ਦੁਪਿਹਰ ਕਿਸ ਦੀ,
ਅੱਜ ਸ਼ਾਮ ਮੈਨੂੰ ਇਸ ਗਲੀ ਦਾ ਹੋ ਗਿਆ ਏ ਚਾਨਣ।

ਮੇਰਾ ਨਸੀਬ ਸੀ ਇਹ ਮਰਨਾ ਸਵੇਰ ਸ਼ਾਮੀਂ,
ਕੁਝ ਇਸ ਤਰ੍ਹਾਂ ਚਲ ਖ਼ੁਦਕੁਸ਼ੀ ਦਾ ਹੋ ਗਿਆ ਏ ਚਾਨਣ।

ਕਲੀਆਂ ਦੇ ਰਿਸ਼ਤਿਆਂ ਵਿਚ ਗੱਲ ਪੋਹਲੀਆਂ ਜਿਹੀ ਏ,
ਕਲੀਆਂ ਤੇ ਕੰਢਿਆਂ ਦਾ ਹੋ ਗਿਆ ਏ ਚਾਨਣ।

ਅਪਣੇ ਘਰੋਂ ਤੁਰੇ ਜੋ ਚਾਨਣ ਦੀ ਪੰਡ ਲੈ ਕੇ,
ਕਿਉਂ ਕੂਕਦੇ ਨੇ ਨੇਰ੍ਹਿਆਂ ਦਾ ਹੋ ਗਿਆ ਏ ਚਾਨਣ।

ਕਿੰਨੀ ਹੈ ਔਖ ਹੁੰਦੀ ਪਹਿਚਾਣ ਕਰਨ ਲੱਗਿਆ,
ਕਿੰਨਾ ਅਜੀਬ ਇਸ ਸਦੀ ਦਾ ਹੋ ਗਿਆ ਏ ਚਾਨਣ।



# ਚਿੰਤਾਵਾਂ ਦੀ ਝੀਲ

ਮੈਂ ਸਰਹੱਦਾਂ ਘੁੰਮ ਕੇ ਤੱਕੀਆਂ ਮੀਲੋ ਮੀਲ।
ਨੈਣੀ ਹਰ ਨਾਰ ਨਾਰ ਦੇ ਸੀ ਚਿੰਤਾਵਾਂ ਦੀ ਝੀਲ।

ਦੇ ਗਈ ਸਾਡੀ ਜੀਭ ਨੂੰ ਜਦ ਗੂੰਗੀ ਰੁੱਤ ਸਰਾਪ,
ਫਿਰ ਦਸ ਕਿੱਦਾਂ ਜਨਮ ਦਾ ਨਗਮਾ ਪ੍ਰੀਤ ਸ਼ੁਸ਼ੀਲ।

ਜੇ ਤੂੰ ਕਿਧਰੇ ਕੂਕਦੀ ਸੁਣਦੋਂ ਖੂਹ ਦੀ ਰੂਹ,
ਭਾਉਂਦੀ ਤੇਰੇ ਦਿਲ ਨੂੰ ਨਾ ਸ਼ਹਿਰ ਦੀ ਨਕਲੀ ਝੀਲ।

ਇਹ ਤਾਂ ਤੇਰੀ ਜ਼ਿੱਦ ਸੀ ਜਾਗੋ ਸਾਰੀ ਰਾਤ,
ਪਰ ਹੁਣ ਸੁਪਨੇ ਵੇਖ ਲੈ ਹੋਏ ਕਿੰਜ ਜ਼ਲੀਲ।

ਸ਼ਹਿਦ ਦਾ ਚਮਚਾ ਮੈਂ ਜਦੋਂ ਬੱਚੇ ਦੇ ਪਾਇਆ ਮੂੰਹ,
ਭਰ-ਭਰ ਆਈਆਂ ਅੱਖੀਆਂ ਉਡਦਾ ਵੇਖ ਮਸ਼ੀਲ।

ਮੈਂ ਤੇ ਮੇਰੀ ਜਿੰਦ ਨੇ ਰਹਿਣਾ ਇੱਕੋ ਮਿਕ,
ਅੱਡੋ ਅੱਡੀ ਹੋਣ ਦੀ ਤੂੰ ਕਰ ਲੱਖ ਅਪੀਲ।

"ਪਰਦੇਸੀ" ਕੁਝ ਹਾਸਿਆਂ ਦੀ ਅਦਭੁੱਤ ਹੁੰਦੀ ਦੇਣ,
ਦਿਲ ਦੇ ਅੰਦਰ ਅੱਥਰੂ ਨੈਣਾਂ ਦੇ ਵਿਚ ਨੀਲ।

# ਤੇਰੇ ਤੁਰ ਜਾਣ ਦੇ ਪਿੱਛੋਂ

ਹਨ੍ਹੇਰੀ ਕਹਿਰ ਦੀ ਛਾਈ ਤੇਰੇ ਤੁਰ ਜਾਣ ਦੇ ਪਿੱਛੋਂ।
ਝੜ੍ਹੀ ਗੜ੍ਹਿਆਂ ਬੜੀ ਲਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਬਣੇ ਅੰਗਿਆਰ ਸਭ ਹਿਰਦੇ ਚੁਫੇਰੇ ਪਸਰਿਆ ਧੂੰਆਂ,
ਕਿਸੇ ਉਹ ਅੱਗ ਵਰਤਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਤੇਰੇ ਦਰਵਾਜ਼ਿਓ ਮੂਹਰੋਂ ਜੋ ਸਿਜਦਾ ਕਰਕੇ ਲੰਘਦੇ ਸੀ,
ਉਨ੍ਹਾਂ ਤਲਵਾਰ ਲਹਿਰਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਇਹ ਤੇਰੇ ਆਪਣੇ ਮਾਲੀ ਫਲਾਂ ਤੇ ਆਏ ਰੁੱਖਾਂ ਦੀ,
ਤੁਰੇ ਨੇ ਕਰਨ ਛੰਗਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਵਫ਼ਾ ਦੀ ਮੌਤ ਤੇ ਖੁਸ਼ੀਆਂ ਮਨਾਈਆਂ ਬੇ-ਵਫ਼ਾਵਾਂ ਨੇ,
ਬਣੇ ਅਪਣੇ ਹੀ ਹਰਜਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਜੋ ਤੇਰੇ ਸ਼ਹਿਰ 'ਚੋ ਆਉਂਦੀ ਸੀ ਨਿੱਤ ਅਠਖੇਲੀਆਂ ਕਰਦੀ,
ਹਵਾ ਉਹ ਡੁਸਕਦੀ ਆਈ ਤੇਰੇ ਤੁਰ ਜਾਣ ਦੇ ਪਿੱਛੋਂ।

ਵਫ਼ਾ ਦਿਨ ਰਾਤ ਕਰਦੇ ਨੇ ਇਹ ਅਪਣੇ ਨਾਲ "ਪਰਦੇਸੀ"
ਇਹ ਤੇਰੇ ਦਰਦ ਤਨਹਾਈ ਤੇਰੇ ਤੁਰ ਜਾਣ ਦੇ ਪਿੱਛੋਂ ।



# ਤਾਂ ਕੀ ਹੁੰਦਾ

ਅਸੀਂ ਸਧਰਾਂ ਨੂੰ ਜੇ ਪੱਥਰ ਬਣਾ ਲੈਂਦੇ ਤਾਂ ਕੀ ਹੁੰਦਾ ?
ਤੁਸੀਂ ਵੀ ਗੀਟਿਆਂ ਤੇ ਦਿਲ ਟਿਕਾ ਲੈਂਦੇ ਤਾਂ ਕੀ ਹੁੰਦਾ ?

ਤੁਸੀਂ ਤਾਂ ਕਾਗਜੀ ਕਿਸ਼ਤੀ ਸੀ ਹੱਸ ਕੇ ਪੇਸ਼ ਕਰ ਦਿੱਤੀ,
ਅਸੀਂ ਵੀ ਚੱਪੂਆਂ ਨੂੰ ਜੇ ਉਠਾ ਲੈਂਦੇ ਤਾਂ ਕੀ ਹੁੰਦਾ ?

ਇਰਾਦਾ ਡੰਗ ਮਾਰਨ ਦਾ ਤੁਸੀਂ ਜਦ ਕਰ ਕੇ ਆਏ ਸੀ,
ਉਦੋਂ ਫਿਰ ਬੀਨ ਆਪਾਂ ਵੀ ਉਠਾ ਲੈਂਦੇ ਤਾਂ ਕੀ ਹੁੰਦਾ ?

ਤੁਸੀਂ ਅੱਖਾਂ 'ਚ ਭਾਂਬੜ ਬਾਲ ਕੇ ਸੀ ਜਦ ਮਿਲਣ ਆਏ,
ਅਸੀਂ ਅੰਗਿਆਰ ਮੱਥੇ 'ਤੇ ਟਿਕਾ ਲੈਂਦੇ ਤਾਂ ਕੀ ਹੁੰਦਾ ?

ਗਲੀ ਵਿਚ ਰੌਣਕਾਂ ਤਾਂ ਹਨ ਗਲੀ ਚੁਪ ਚਾਪ ਫਿਰ ਕਿਉਂ ਹੈ,
ਕਿਤੇ ਇਸ ਭੇਤ ਤੋਂ ਪਰਦਾ ਉਠਾ ਲੈਂਦੇ ਤਾਂ ਕੀ ਹੁੰਦਾ ?

ਤੁਹਾਡੇ ਤੁਰਨ ਤੋਂ ਪਹਿਲਾਂ ਅਸੀਂ ਸੁਲਗੇ ਬੜਾ ਸੁਲਗੇ,
ਮਗਰ ਬਾਰੂਦ ਜੇ ਖ਼ੁਦ ਨੂੰ ਬਣਾ ਲੈਂਦੇ ਤਾਂ ਕੀ ਹੁੰਦਾ ?

ਚਲੋ ਮੰਨਿਆ ਕਿ 'ਪਰਦੇਸੀ' ਕਦੀ ਤੂੰ ਹਾਰ ਨਈਂ ਮੰਨਦਾ,
ਜੇ ਤੇਰੇ ਆਪਣੇ ਤੈਨੂੰ ਹਰਾ ਲੈਂਦੇ ਤਾਂ ਕੀ ਹੁੰਦਾ ?

# ਕਦੀ ਏਧਰ ਕਦੀ ਓਧਰ

ਕਦੀ ਏਧਰ ਕਦੀ ਓਧਰ ਕਦੀ ਵਿਚਕਾਰ ਪਰਦੇਸੀ।
ਇਹ ਤੇਰਾ ਕਿਸ ਤਰ੍ਹਾਂ ਦਾ ਹੋ ਗਿਆ ਕਿਰਦਾਰ ਪਰਦੇਸੀ।

ਉਹ ਜਿਹੜੇ ਲੋਹੜੀਆਂ ਦੀਵਾਲੀਆਂ ਸੀ ਪੂਜਦੇ ਹੁੰਦੇ,
ਦੁਸਹਿਰਾ ਤਕ ਬਣਾ ਬੈਠੇ ਨੇ ਕਾਰੋਬਾਰ ਪਰਦੇਸੀ।

ਜਿਨ੍ਹਾਂ ਨੇ ਘਰ ਦੇ ਅੰਦਰ ਤਾਂ ਹਜ਼ਾਰਾਂ ਜ਼ਖਮ ਪਾਲੇ ਨੇ,
ਘਰੋਂ ਪਰ ਬਾਹਰ ਲਭਦੇ ਨੇ ਉਹ ਜ਼ਖਮਨਹਾਰ ਪਰਦੇਸੀ।

ਤੂੰ ਇਹਨਾਂ ਚਾਕਰਾਂ ਉੱਤੇ ਬੜਾ ਹੀ ਮਾਣ ਕਰਦਾ ਏਂ,
ਕਿਸੇ ਦਿਨ ਡੋਬਦੇ ਵੇਖੀਂ ਇਹ ਖਿਦਮਤਗ਼ਾਰ ਪਰਦੇਸੀ।

ਕਦੀ ਤੂੰ ਜੋੜ ਲੈਨਾਂ ਏਂ ਕਦੀ ਤੂੰ ਤੋੜ ਲੈਨਾਂ ਏਂ,
ਅਨੋਖਾ ਹੈ ਤੇਰੀ ਕਵਿਤਾ ਦਾ ਵੀ ਪਰਿਵਾਰ ਪਰਦੇਸੀ।

ਕਦੀ ਤਾਂ ਸੋਚ ਅਪਣੀ ਦੇ ਸੁਰਾਂ ਨੂੰ ਸੁਰ ਕਰ ਲਿਆ ਕਰ,
ਇਹ ਤੇਰਾ ਬੇਸੁਰਾ ਵਖਰਾ ਜਿਹਾ ਸੰਸਾਰ ਪਰਦੇਸੀ।







ਜੋ ਡਰਦੈ ਪਾਣੀਆਂ ਕੋਲੋਂ ਜੋ ਡਰਦੈ ਬੇੜੀਆਂ ਕੋਲੋਂ,
ਕਿਵੇਂ ਦਸ ਸ਼ਖਸ ਪਹੁੰਚੇਗਾ ਉਹ ਪਰਲੇ ਪਾਰ ਪਰਦੇਸੀ।

ਪਵੇਗਾ ਗਰਭ ਦੀ ਜੂਨੇ ਕਦੀ ਤੂੰ ਸੋਚਿਆ ਵੀ ਸੀ,
ਚਿਰਾਂ ਤੋਂ ਔਂਤਰਾ ਹੋਇਆ ਇਹ ਤੇਰਾ ਪਿਆਰ ਪਰਦੇਸੀ।

ਇਨ੍ਹਾਂ ਦੋਰਾਹਿਆਂ ਉੱਤੇ ਨਾ ਖੜ੍ਹਿਆ ਕਰ ਤੂੰ ਰਾਜਿੰਦਰ
ਬੜੇ ਨੇ ਹਾਦਸੇ ਹੁੰਦੇ ਇਨ੍ਹਾਂ ਵਿਚਕਾਰ ਪਰਦੇਸੀ।

# ਨਾ ਤੇਰੀ ਆਵਾਜ਼ ਸੁਣਨੀ

(ਦੋਸਤ ਪਿਤਾ ਪ੍ਰੀਤਮ ਸਿੰਘ ਢਿੱਲੋਂ ਦੇ ਤੁਰ ਜਾਣ ਤੇ)

ਨਾ ਤੇਰੀ ਆਵਾਜ਼ ਸੁਣਨੀ ਨਾ ਤੇਰਾ ਦੀਦਾਰ ਹੁਣ।
ਨਾ ਕਿਸੇ ਬਿੱਲੂ ਹੀ ਕਹਿਣਾ ਉਠ ਕੇ ਤੜਕੇ ਸਾਰ ਹੁਣ।

ਰਿਸ਼ਤਿਆਂ ਨੂੰ ਮਨਫ਼ੀ ਕਰਕੇ ਇਸ ਤਰ੍ਹਾਂ ਜਾਣਾਂ ਸੀ ਤੂੰ
ਇਸ ਤਰ੍ਹਾਂ ਹੀ ਤੋੜਨੇ ਸੀ ਸਾਂਝ ਦੇ ਮੀਨਾਰ ਹੁਣ।

ਤੁਰ ਗਿਆਂ ਦਾ ਦਰਦ ਉਸ ਨੂੰ ਜਿਸ ਦਾ ਕੋਈ ਤੁਰ ਗਿਆ
ਕਿਸ ਨੂੰ ਕਿੰਨਾ ਦਰਦ ਹੋਇਆ ਵੇਖ ਕੇ ਇਕ ਵਾਰ ਹੁਣ।

ਕਿਸ ਤਰ੍ਹਾਂ ਦਾ ਸੀ ਇਹ ਰਿਸ਼ਤਾ ਕਿਸ ਤਰ੍ਹਾਂ ਦਾ ਪਿਆਰ ਸੀ,
ਕਿਹੜੇ ਯੁਗ ਦੀ ਸਾਂਝ ਸੀ ਇਹ ਹੈ ਸਮਝ ਤੋਂ ਬਾਹਰ ਹੁਣ।

ਉਹ ਵੀ ਤੁਰ 'ਗੀ ਇਹ ਵੀ ਤੁਰ 'ਗੀ ਹੋਰ ਕੀ ਰੁਤ ਆਇਗੀ
ਤੇਰੇ ਵਾਂਗੂੰ ਛਡ ਗੀਆਂ ਰੁੱਤਾਂ ਵੀ ਅਧ ਵਿਚਕਾਰ ਹੁਣ।







ਜੇ ਕਿਤੇ ਆਵਾਜ਼ ਦੇ ਦੇਂਦਾ ਤੂੰ ਪਹਿਲਾਂ ਤੁਰਨ ਤੋਂ
ਏਸ ਦਿਲ ਤੇ ਇਸ ਤਰ੍ਹਾਂ ਹੁੰਦਾ ਤਾ ਐਨਾ ਭਾਰ ਹੁਣ।

ਰਿਸ਼ਤਿਆਂ ਦੇ ਥੰਮ ਡਿੱਗੇ ਇੰਜ ਰਾਜਿੰਦਰ ਤੇਰੇ,
ਸ਼ਹਿਰ ਮੋਗੇ ਵਿਚ ਤੇਰਾ ਨਾ ਘਰ ਰਿਹਾ ਨਾ ਬਾਰ ਹੁਣ।

ਵੇਖ ਕੀਰਤਪੁਰ ਨਦੀ ਵਿਚ ਅਪਣੇ ਮਨ ਨੂੰ ਡੋਬ ਕੇ
ਮੈਂ ਤੇ "ਦਰਸ਼ਨ" ਕਿਸ ਤਰਾਂ ਆਏ ਹਾਂ ਤੈਨੂੰ ਤਾਰ ਹੁਣ।

ਪਾਪ ਪਰਦੇਸੀ ਤੋਂ ਕੋਈ ਹੋ ਗਿਐਂ ਤਾਂ ਬਖ਼ਸ਼ ਦੇ
ਬਖ਼ਸ਼ ਮੌਲਾ ਮੇਰਿਆ ਦਿਹ ਬਖੁਸ਼ ਬਖਸ਼ਣਹਾਰ ਹੁਣ।

# ਬੀਤੇ ਵਰ੍ਹੇ ਦੇ ਵਾਂਗ

ਬੀਤੇ ਵਰ੍ਹੇ ਦੇ ਵਾਂਗ ਹੀ ਚੜ੍ਹਿਆ ਹੈ ਇਹ ਵੀ ਸਾਲ।
ਇਸ ਸਾਲ ਵਿਚ ਵੀ ਵੇਖ ਤੂੰ ਹੁੰਦਾ ਹੈ ਕੀ ਕਮਾਲ।

ਮਿਲੀਆਂ ਨੇ ਫਿਰ ਵਧਾਈਆਂ ਬੀਤੇ ਵਰ੍ਹੇ ਦੇ ਵਾਂਗ,
ਉੱਠੀ ਹੈ ਚੀਸ ਦਿਲ ਚੋਂ ਵਧਾਈ ਦੇ ਸੇਕ ਨਾਲ।

ਇਹ ਸਾਲ ਦੱਸੋ ਕਰਨਾ ਹੈ ਨੇਤਾ ਜੀ ਕਿਸ ਦੇ ਨਾਮ,
ਪਿਛਲਾ ਵਰ੍ਹਾ ਹੰਢਾ ਕੇ ਤੇ ਹੋਏ ਜਵਾਨ ਬਾਲ।

ਕਰਨਾ ਮਤਾ ਵੀ ਪਾਸ ਹੈ ਬੀਤੇ ਵਰ੍ਹੇ ਦੇ ਵਾਂਗ,
ਆਪਾਂ ਹੈ ਹੁਣ ਸੰਵਾਰਨੀ ਵਿਗੜੇ ਸਮੇਂ ਦੀ ਚਾਲ।

ਮੰਡੀ 'ਚ ਪਹਿਲਾਂ ਅਲੋਪ ਹੈ ਹਰ ਚੀਜ਼ ਲੀਡਰੋ,
ਪਾਵੋਗੇ ਫੇਰ ਐਤਕੀਂ ਕਿਹੜੀ ਜਿਣਸ ਦਾ ਕਾਲ।

ਚਾਹੁੰਦੇ ਹਾਂ ਕੋਲੋਂ ਦੇਖਣੀ ਹਰ ਸਾਲ ਜ਼ਿੰਦਗੀ,
ਹਰ ਸਾਲ ਜ਼ਿੰਦਗੀ ਦਾ ਹੀ ਲੈਂਦੇ ਹਾਂ ਏਦਾਂ ਗਾਲ।

ਕੋਈ ਵਰ੍ਹਾ ਵੀ ਇੰਜ ਨਾ ਆਉਣਾ ਹੈ ਸਾਡੇ ਮੇਚ,
ਅਪਣੇ ਹੀ ਹਾਣ ਦਾ ਹੁਣ ਚਾੜ੍ਹਾਂਗੇ ਆਪੇ ਸਾਲ।



# ਹੋਈ ਉਦਾਸ ਸ਼ਾਮ

ਕਰਨੀ ਅਜੇ ਹੁਸੀਨ ਸੀ ਭਰਿਆ ਸੀ ਪਹਿਲਾ ਜਾਮ।
ਚੇਤਾ ਕਿਸੇ ਦਾ ਆ ਗਿਆ ਹੋਈ ਉਦਾਸ ਸ਼ਾਮ।

ਮੈਨੂੰ ਹੈ ਕਰਨਾ ਪੈ ਰਿਹਾ ਇਸ ਦਾ ਬੜਾ ਖ਼ਿਆਲ,
ਇਹ ਜ਼ਿੰਦਗੀ ਜਦੋਂ ਤੋਂ ਮੈਂ ਕੀਤੀ ਹੈ ਤੇਰੇ ਨਾਮ।

ਇਹ ਰਾਤ ਇਹ ਖ਼ਮੋਸ਼ੀਆਂ ਦੀ ਜ਼ਹਿਰ ਦਾ ਅਸਰ,
ਤੇਰਾ ਖ਼ਿਆਲ ਕਰ ਰਿਹੈ ਜੀਣਾ ਮੇਰਾ ਹਰਾਮ।

"ਮਹਿਰਮ, ਮਿਲਣ" ਦੇ ਵਾਸਤੇ ਮੌਸਮ ਦੀ ਹੈ ਉਡੀਕ,
ਵੇਖੋ ਜੀ, ਬੰਦਾ ਹੋ ਗਿਆ ਰੁੱਤਾਂ ਦਾ ਵੀ ਗ਼ੁਲਾਮ।

ਆਪਾਂ ਹਾਂ ਏਨੇ ਹੋ ਗਏ ਬਦਨਾਮ ਤਾਂ ਜ਼ਰੂਰ,
ਐਪਰ ਅਸਾਂ ਦੇ ਪਿਆਰ ਦੀ ਚਰਚਾ ਵੀ ਹੋਈ ਆਮ।

ਚੜ੍ਹਦੀ ਵਰੇਸ ਸੀ ਜਦੋਂ ਦਫ਼ਨਾਈ ਹਰ ਖ਼ੁਸ਼ੀ,
ਮੇਰੇ ਸਫ਼ਰ 'ਚ ਐਸਾ ਵੀ ਆਇਆ ਸੀ ਇਕ ਮੁਕਾਮ।

"ਪਰਦੇਸੀ" ਮੇਰੀ ਪ੍ਰੀਤ ਦੀ ਨਿਕਲੀ ਸੀ ਏਥੇ ਜਾਨ,
ਤੇਰੇ ਨਗਰ ਨੂੰ ਦੋਸਤਾ ਦੂਰੋਂ ਮਿਰਾ ਸਲਾਮ।



# ਚੰਗਾ ਸੀ

ਮੁਹੱਬਤ ਚੰਦ ਨੂੰ ਅਪਣੀ ਜਤਾ ਲੈਂਦੇ ਤਾਂ ਚੰਗਾ ਸੀ।
ਅਸੀਂ ਵੀ ਚਾਨਣੀ ਦੋ ਦਿਨ ਹੰਢਾ ਲੈਂਦੇ ਤਾਂ ਚੰਗਾ ਸੀ।

ਜਲੰਧਰ ਸ਼ਹਿਰ ਵਿਚ ਅਪਣੀ ਹੈ ਕਿਹੜਾ ਦਿਲਬਰੀ ਕਰਦਾ,
ਕਿਸੇ ਜੰਗਲ 'ਚ ਹੀ ਕੁਟੀਆ ਬਣਾ ਲੈਂਦੇ ਤਾਂ ਚੰਗਾ ਸੀ।

ਅਸੀਂ ਢੋਂਦੇ ਰਹੇ ਨਫ਼ਰਤ ਦਾ ਨ੍ਹੇਰਾ ਪਿਆਰ ਦੀ ਰੁੱਤੇ,
ਕਿਤੇ ਦੀਪਕ ਮੁਹੱਬਤ ਦਾ ਜਗਾ ਲੈਂਦੇ ਤਾਂ ਚੰਗਾ ਸੀ।

ਜੇ ਇਉਂ ਬਦਨਾਮ ਹੋਣਾ ਸੀ ਮੁਫ਼ਤ ਵਿਚ ਹੀ ਅਸੀਂ ਸਜਣਾ,
ਕਬੂਤਰ ਸ਼ੌਕ ਅਪਣੇ ਦੇ ਉਡਾ ਲੈਂਦੇ ਤਾਂ ਚੰਗਾ ਸੀ।







ਅਸੀਂ ਸ਼ਾਇਰ ਵੀ ਨਾ ਬਣਦੇ ਤੇ ਨਾ ਹੁੰਦੇ ਖ਼ੁਆਰ ਏਨਾ,
ਤੇਰੇ ਵਾਂਗੂੰ ਜੇ ਦਿਲ ਪੱਥਰ ਬਣਾ ਲੈਂਦੇ ਤਾਂ ਚੰਗਾ ਸੀ।

ਡਰਾਮੇ ਬਾਜ਼ੀਆਂ ਦੇ ਯੁਗ 'ਚ ਇਉਂ ਭੁੱਖੇ ਤੇ ਨਾ ਮਰਦੇ,
ਪਖੰਡ ਆਪਾਂ ਵੀ ਜੇ ਕੋਈ ਰਚਾ ਲੈਂਦੇ ਤਾਂ ਚੰਗਾ ਸੀ।

ਲਵਾ ਕੇ ਦਾਗ਼ ਦਾਮਨ ਤੇ ਹੋਏ ਤਾਂ ਨਸ਼ਰ "ਪਰਦੇਸੀ",
ਜੇ ਦਾਮਨ ਇਸ ਜ਼ਮਾਨੇ ਤੋਂ ਬਚਾ ਲੈਂਦੇ ਤਾਂ ਚੰਗਾ ਸੀ।

# ਤੇਰੇ ਪਿੰਡ ਵਾਲੇ

ਇਹ ਬੰਦੇ ਸੁਰੰਗੇ ਤੇਰੇ ਪਿੰਡ ਵਾਲੇ।
ਦਿਲਾਂ ਦੇ ਨਈਂ ਚੰਗੇ ਤੇਰੇ ਪਿੰਡ ਵਾਲੇ।

ਮੁਹੱਬਤ ਦੇ ਵੈਰੀ, ਮੁਹੱਬਤ ਦੇ ਰੰਗੀਂ,
ਕਿਵੇਂ ਜਾਂਦੇ ਰੰਗੇ ਤੇਰੇ ਪਿੰਡ ਵਾਲੇ।

ਸ਼ਿਕਾਇਤਾਂ ਸੀ ਲਾਉਂਦੇ ਤੇਰੇ ਤੇ ਮੇਰੇ ਘਰ,
ਕਰੌਂਦੇ ਸੀ ਦੰਗੇ ਤੇਰੇ ਪਿੰਡ ਵਾਲੇ।

ਖ਼ਬਰ ਸਾਰ ਤੇਰੀ ਉਹ ਵੀ ਨਈਂ ਪੁਚਾਉਂਦੇ,
ਜੋ ਬੰਦੇ ਸੀ ਚੰਗੇ ਤੇਰੇ ਪਿੰਡ ਵਾਲੇ।

ਮੇਰੇ ਹਾਸੇ ਲੁਟ ਕੇ ਅਜੇ ਵੀ ਨਈਂ ਰੱਜੇ,
ਇਹ ਭੁੱਖੇ ਤੇ ਨੰਗੇ ਤੇਰੇ ਪਿੰਡ ਵਾਲੇ।

ਮੇਰੇ ਵਾਂਗ ਸੜ ਕੇ ਵਿਖਾਉਂਦੇ ਤਾਂ ਮੰਨਦਾ,
ਇਹ ਫ਼ਰਜ਼ੀ ਪਤੰਗੇ ਤੇਰੇ ਪਿੰਡ ਵਾਲੇ।







ਬੜੀ ਚਰਚਾ ਕਰਦੇ ਨੇ ਤੇਰੀ ਤੇ ਮੇਰੀ,
ਬੜੇ ਹੀ ਨੇ ਚੰਗੇ ਤੇਰੇ ਪਿੰਡ ਵਾਲੇ।

ਅਸੀਂ ਜਾਨ ਦਿੰਦੇ ਨਾ ਭੁਜ ਭੁਜ ਥਲਾਂ ਵਿਚ,
ਜੇ ਲੈਂਦੇ ਨਾ ਪੰਗੇ ਤੇਰੇ ਪਿੰਡ ਵਾਲੇ।

ਇਹ "ਪਰਦੇਸੀ" ਨੂੰ ਕਿੰਜ ਕਰਦੇ ਮੁਹੱਬਤ,
ਇਹ ਨਫ਼ਰਤ ਦੇ ਡੰਗੇ ਤੇਰੇ ਪਿੰਡ ਵਾਲੇ।

# ਗੁਲਜ਼ਾਰ ਵਿਹੜੇ ਵਿਚ

ਤੁਸੀਂ ਜਦ ਆ ਗਏ ਤਾਂ ਖਿੜ ਪਈ ਗ਼ੁਲਜ਼ਾਰ ਵਿਹੜੇ ਵਿਚ।
ਮੁਹੱਬਤ ਨੇ ਹੈ ਅਪਣੇ ਧਾਰਿਆ ਅਵਤਾਰ ਵਿਹੜੇ ਵਿਚ।

ਗਗਨ ਦੇ ਤਾਰਿਓ ਏਧੇ 'ਚ ਆ ਕੇ ਟਿਮਟਿਮਾਉ ਅੱਜ,
ਅਸੀਂ ਇਕ ਚੰਦ ਦਾ ਕਰਨਾ ਹੈ ਅੱਜ ਸਤਿਕਾਰ ਵਿਹੜੇ ਵਿਚ।

ਹਵਾ ਅਜ ਮਹਿਕ ਭਿੰਨੀ ਕਰ ਰਹੀ ਮਦਹੋਸ਼ ਹੈ ਮੈਨੂੰ,
ਖ਼ਿਲਾਰੀ ਜਾ ਰਿਹੈ ਮਹਿਕਾਂ ਮੇਰਾ ਦਿਲਦਾਰ ਵਿਹੜੇ ਵਿਚ।

ਨਜ਼ਰ 'ਚੋਂ ਸ਼ੋਖੀਆਂ ਨਾਜ਼ੁਕ ਲਬਾਂ 'ਚੋਂ ਕੇਰ ਕੇ ਹਾਸੇ,
ਮੁਹੱਬਤ ਦਾ ਹੈ ਦਿਲਬਰ ਕਰ ਰਿਹਾ ਇਜ਼ਹਾਰ ਵਿਹੜੇ ਵਿਚ।

ਹਵਾਵਾਂ ਗੀਤ ਗਾ ਉਠੀਆਂ ਤੇ ਨਚੀਆਂ ਗੋਰੀਆਂ ਰਾਤਾਂ,
ਸਨਮ ਦੇ ਕੰਗਣਾਂ ਕੀਤੀ ਜਦੋਂ ਛਣਕਾਰ ਵਿਹੜੇ ਵਿਚ।

ਕਿਤੇ ਹੁਣ ਮਰ ਹੀ ਨਾ ਜਾਈਏ ਅਸੀਂ ਅੱਜ ਇਸ ਖੁਸ਼ੀ ਅੰਦਰ,
ਖ਼ੁਸ਼ੀ ਅੱਜ ਝੂਮ ਕੇ ਨੱਚੀ ਹੈ ਪੱਬਾਂ ਭਾਰ ਵਿਹੜੇ ਵਿਚ।

ਅਸੀਂ ਹੁਣ ਤੀਰਥਾਂ ਤੇ ਭਾਲ ਕਿਉਂ ਕਰੀਏ ਖ਼ੁਦਾ ਤੇਰੀ,
ਜਦੋਂ 'ਪਰਦੇਸੀ' ਰਬ ਦਾ ਹੋ ਗਿਆ ਦੀਦਾਰ ਵਿਹੜੇ ਵਿਚ।



# ਤੇਰੀਆਂ ਖੁਸ਼ੀਆਂ ਦੀ ਖ਼ਾਤਰ

ਤੇਰੀਆਂ ਖੁਸ਼ੀਆਂ ਦੀ ਖ਼ਾਤਿਰ ਗ਼ਮ ਅਸੀਂ ਵਰਦੇ ਰਹੇ।
ਲੋਕ ਭਾਵੇਂ ਸਾਡੇ ਸਿਰ ਇਲਜ਼ਾਮ ਹੀ ਧਰਦੇ ਰਹੇ।

ਤੇਰੀ ਖ਼ਾਤਿਰ ਤੋੜ ਕੇ ਕਾਨੂੰਨ ਕੁਦਰਤ ਦੇ ਅਸੀਂ,
ਰੰਗਾਂ ਨੂੰ ਬੇ-ਰੰਗ ਰੁੱਤਾਂ ਵਿਚ ਸਦਾ ਭਰਦੇ ਰਹੇ।

ਤੇਰਿਆਂ ਸਾਹਾਂ ਦਾ ਨਿਘ ਜਦ ਤੋਂ ਗਵਾਚਾ ਹੈ ਸਨਮ,
ਲਿਪਟ ਕੇ ਬੇ-ਪੜਦ ਪੌਣਾਂ ਨਾਲ ਹੀ ਠਰਦੇ ਰਹੇ।

ਤੜਪਣਾਂ ਤੇ ਵਿਲਕਣਾਂ ਫਿਰ ਏਸ ਦਿਲ ਦਾ ਸਿਸਕਣਾ,
ਤੇਰੀ ਉਲਫ਼ਤ ਦੀ ਬਦੌਲਤ ਕਿੰਨਾ ਕੁਝ ਜਰਦੇ ਰਹੇ।

ਕਿਸ ਤਰ੍ਹਾਂ ਦਫ਼ਨਾਉਣ ਦਿੰਦੇ ਓਪਰੀ ਧਰਤੀ ਦੇ ਲੋਕ,
ਜਦ ਮੁਰਾਦਾਂ ਕਤਲ ਕਰਦੇ ਆਪਣੇ ਘਰ ਦੇ ਰਹੇ।

ਆਪਾਂ ਤੇਰੇ ਪਿਆਰ ਦੀ ਸਹੁੰ ਹੈ ਨਿਭਾਈ ਮਰਦਿਆਂ,
ਲੋਕ ਸਾਨੂੰ ਆਖਦੇ ਨੇ ਮਰਨ ਤੋਂ ਡਰਦੇ ਰਹੇ।

ਜ਼ਿੰਦਗੀ ਤੋਂ ਦੂਰ "ਪਰਦੇਸੀ" ਬਿਤਾ ਕੇ ਜ਼ਿੰਦਗੀ,
ਜ਼ਿੰਦਗੀ ਇਉਂ ਜੀਣ ਦੀ ਕੋਸ਼ਿਸ਼ ਸਦਾ ਕਰਦੇ ਰਹੇ।

# ਕਰੇ ਤੇਰੇ ਨਗਰ ਦਾ

ਕਰੇ ਤੇਰੇ ਨਗਰ ਦਾ ਕਿਸ ਤਰ੍ਹਾਂ ਸਤਿਕਾਰ ਪਰਦੇਸੀ।
ਬਿਨ ਆਈ ਮੌਤ ਹੀ ਦਿੰਦੇ ਨੇ ਜਿੱਥੇ ਮਾਰ ਪਰਦੇਸੀ।

ਇਹ ਤਲਵਾਰਾਂ ਦੀਆਂ ਧਾਰਾਂ ਤੇ ਤੁਰਨਾ ਤਾਂ ਬੜਾ ਸੌਖੈ,
ਭੁਲਾਉਣਾ ਹੈ ਬੜਾ ਮੁਸ਼ਕਿਲ ਕਿਸੇ ਦਾ ਪਿਆਰ ਪਰਦੇਸੀ।

ਕਿਸ ਦੇ ਤਰਸ ਦਾ ਪਾਤਰ ਬਣੇ ਇਹ ਗ਼ੈਰ ਮੁਮਕਿਨ ਹੈ,
ਸੋ ਅਪਣੇ ਦਰਦ ਦਾ ਕਰਦਾ ਨਹੀਂ ਇਜ਼ਹਾਰ ਪਰਦੇਸੀ।

ਇਹ ਕਰਦੇ ਨੇ ਮੁਹੱਬਤ ਤੇ ਚਲਾਉਂਦੇ ਨੇ ਇਹ ਛੁਰੀਆਂ ਵੀ,
ਬੜੇ ਦੀ ਦੋਗਲੇ ਤੇਰੇ ਨੇ ਕੁਝ ਇਕ ਯਾਰ ਪਰਦੇਸੀ।

ਉਹ ਆਇਆ ਤੇ ਚੁਰਾ ਕੇ ਹਾਸਿਆਂ ਨੂੰ ਤੁਰ ਗਿਆ ਆਖ਼ਿਰ,
ਕਦੋਂ ਦਾ ਹੋਇਆ ਫਿਰਦਾ ਸੀ ਤੂੰ ਪੱਬਾਂ ਭਾਰ ਪਰਦੇਸੀ।

ਕਿਸੇ ਦੀ ਵੀ ਦਵਾ ਬੂਟੀ ਅਸਰ ਕਰਦੀ ਨਹੀਂ ਕੋਈ,
ਮਸੀਹਾ ਵੇਖ਼ ਲੈ ਆ ਕੇ ਤੇਰਾ ਬੀਮਾਰ ਪਰਦੇਸੀ।

ਸ਼ਹੀਦੀ ਪਾ ਗਏ ਜਜ਼ਬਾਤ ਤੇਰੇ ਖ਼ੂਨੀਆਂ ਹੱਥੋਂ,
ਅਜੇ ਵੀ ਹੈ ਉਧੇ ਦਿਲ ਤੇ, ਤੇਰਾ ਅਧਿਕਾਰ ਪਰਦੇਸੀ।









ਤੇਰੀ ਉਲਫ਼ਤ ਨੇ ਦਿੱਤੀ ਹੈ ਅਵੱਲੀ ਹੀ ਸਜ਼ਾ ਸਜਣਾ,
ਜਿਗ਼ਰ ਤੇ ਰਖ ਕੇ ਸੌਂਦਾ ਹੈ ਸਦਾ ਅੰਗਿਆਰ ਪਰਦੇਸੀ।

ਜੇ ਤੇਰੇ ਇਸ਼ਕ ਦਾ ਨਾਸੂਰ ਨਾ ਹੁੰਦਾ ਜਿਗ਼ਰ ਉੱਤੇ,
ਤਾਂ ਅਪਣੀ ਮੌਤ ਨੂੰ ਵੀ ਸਕਦਾ ਸੀ ਲਲਕਾਰ ਪਰਦੇਸੀ।

ਜ਼ਮਾਨਾ ਯਾਦ ਆਉਂਦਾ ਹੈ ਜਦੋਂ ਲੁਟਿਆ ਸੀ ਦਿਨ ਦੀਵੀਂ,
ਕਿਸੇ ਦੇ ਭੋਲਿਆਂ ਨੈਣਾਂ ਬੜਾ ਹੁਸ਼ਿਆਰ ਪਰਦੇਸੀ।

ਜੇ ਉਸ ਦੇ ਹੁਸਨ ਦਾ ਜਲਵਾ ਉਦੋਂ ਸ਼ਾਮਤ ਸੀ ਭੌਰਾਂ ਦੀ,
ਤਾਂ ਸਾਡਾ ਇਸ਼ਕ ਵੀ ਕਰਦਾ ਸੀ ਮਾਰੋ ਮਾਰ ਪਰਦੇਸੀ।

ਤੂੰ ਜਿਹੜੇ ਬਾਗ਼ ਵਿਚ ਬਹਿ ਕੇ ਸੀ ਮਾਣੀ ਮਹਿਕ ਰਾਜਿੰਦਰ,
ਹੰਢਾਉਣੇ ਪੈ ਗਏ ਓਸੇ ਚਮਨ ਦੇ ਖ਼ਾਰ ਪਰਦੇਸੀ।

# ਹਾਰ ਬਲੌਰੀ ਬਾਹਾਂ ਦਾ

ਝੱਟ ਕੁ ਪਾ ਕੇ ਹਾਰ ਬਲੌਰੀ ਬਾਹਾਂ ਦਾ।
ਗਲ ਮੇਰੇ ਸੰਗਲ ਪਾ ਦਿੱਤਾ ਆਹਾਂ ਦਾ।

ਸ਼ਹਿਰ ਤੇਰੇ ਦੀ ਤੇਰੇ ਬਿਨ ਹਰ ਸ਼ੈ' ਵੈਰੀ,
ਹਰ ਬੁੱਲਾ ਦੋਖ਼ੀ ਹੈ ਮੇਰੇ ਸਾਹਾਂ ਦਾ।

ਚਿੱਟੇ ਦਿਹੁੰ ਨੇ ਮੈਨੂੰ ਜਿੱਥੇ ਲੁਟਿਆ ਸੀ,
ਨਕਸ਼ ਮਿਟੇ ਨਾ ਦਿਲ ਤੋਂ ਉਹਨਾਂ ਰਾਹਾਂ ਦਾ।

ਕੁੱਲੀ ਵੇਚੀ, ਜੁੱਲੀ ਵੇਚੀ, ਵੇਚੀ ਜਿੰਦ,
ਪੂਰਾ ਹੋਇਆ ਕਰਜ਼ਾ ਨਾ ਪਰ ਸ਼ਾਹਾਂ ਦਾ।

ਰਾਤ ਲਕੋਂਦੀ ਥੱਕੀ, ਚੜ੍ਹਦੇ ਸੂਰਜ ਨੇ,
ਕੀਤਾ ਆਖ਼ਿਰ ਪਰਦਾ ਫ਼ਾਸ਼ ਗੁਨਾਹਾਂ ਦਾ।

ਖ਼ੌਫ ਕਦੀ ਜੋ ਕਰਦੀ ਨਾ ਸੀ ਉਤਲੇ ਦਾ,
ਮਾਰ ਗਿਆ ਉਸ ਨੂੰ ਇਕ ਬੁੱਲਾ "ਠਾਹਾਂ" ਦਾ।

ਅਰਸ਼ੀਂ ਉਡਦੀ ਭੂੰਨੀਂ ਸਿਖ਼ਰ ਦੁਪਹਿਰੇ ਨੇ,
ਲੈ ਬੈਠਾ ਸ਼ੌਂਕਣ ਨੂੰ ਸ਼ੌਂਕ ਉਤਾਹਾਂ ਦਾ।

ਰੂਪ ਰਿਹਾ ਨਾ ਰੰਗ ਰਿਹਾ ਨਾ ਰੁੱਤ ਰਹੀ,
ਸੱਭੇ ਤੁਰ ਗੇ' ਕਰਕੇ ਕਤਲ ਵਿਸਾਹਾਂ ਦਾ।

ਬਿਨ ਖੰਭ੍ਹਾਂ ਤੋਂ ਡਾਰ ਕਿਵੇਂ ਬਣ ਸਕਦੀ ਹੈ,
ਕੁਝ ਨਾ ਕੁਝ ਹੈ ਸੱਚ ਅਕਸਰ ਅਫ਼ਵਾਹਾਂ ਦਾ।





ਪੱਥਰ ਬਣ ਕੇ ਸਿੱਝਾਂਗੇ ਪੱਥਰ ਦਿਲ ਨਾਲ,
ਮੂਲ ਅਸਰ ਨਾ ਹੋਵੇ ਉਸ ਤੇ ਆਹਾਂ ਦਾ।

ਸੋਚੀਂ ਡੁੱਬਾ ਆ ਪੁੱਜਾ ਹਾਂ ਓਥੇ ਮੈਂ,
ਜਿੱਥੇ ਗੋਰਖ ਧੰਦਾ ਉਲਝੇ ਰਾਹਾਂ ਦਾ।

ਕਿਹੜੇ ਵੇਲੇ ਕਰੀਏ ਗੱਲਾਂ ਪਿਆਰ ਦੀਆਂ,
ਝੋਰਾ ਹਰ ਪਲ ਖਾਵੇ ਦਾਲਾਂ ਚਾਹਾਂ ਦਾ।

ਸਿਰ ਤੇ ਵਾਲਾਂ ਕੰਘਾ ਭੰਨਿਆ ਤੇਲ ਖੁਣੋਂ,
ਦੀਵਾ, ਸਾਰੀ ਰਾਤ ਬਲੇ ਖ਼ਨਗਾਹਾਂ ਦਾ।

ਬੀਵੀ ਬੱਚੇ ਮੂੰਹ ਤਕਦੇ ਰਹਿ ਜਾਂਦੇ ਨੇ,
ਟਿਭ ਜਾਵੇ ਕੁਝ ਏਦਾਂ ਦਿਨ ਤਨਖ਼ਾਹਾਂ ਦਾ।

ਸੁਕੀਆਂ ਵੇਲਾਂ, ਭੁੱਖੇ ਡੰਗਰ, ਧਰਤ ਸੜੇ,
ਹਾਲ ਬੁਰਾ ਮੀਂਹ ਵੱਲੋਂ ਹੈ ਚਰਗਾਹਾਂ ਦਾ।

ਅਜ ਤੇਰੇ ਹਨ ਤੇਰੇ ਪਲਿਓਂ ਪੀਂਦੇ ਨੇ,
ਵੇਖ ਲਵੀਂ ਕਲ੍ਹ ਵਟਦਾ ਰੰਗ ਨਿਗਾਹਾਂ ਦਾ।

ਤੂੰ ਕਲੀਆਂ ਦੇ ਬਾਗ਼ ਲਗਾਏ "ਪਰਦੇਸੀ"
ਪਰ ਤੈਨੂੰ ਮਿਲਿਆ ਜੰਗਲ ਫਰਵਾਹਾਂ ਦਾ।

# ਕਣੀਆਂ ਵਿਚ

ਕੱਲ-ਮੁਕੱਲਾ ਭਿਜਦਾ ਜਾਵਾਂ, ਕਣੀਆਂ ਵਿਚ।
ਕਿਸ ਨੂੰ ਅਪਣੇ ਅਸ਼ਕ ਵਿਖਾਵਾਂ, ਕਣੀਆਂ ਵਿਚ।

ਲੋਕੀਂ ਤਾਂ ਇਸ ਮੌਸਮ ਦੇ ਵਿਚ ਠੰਢ ਹੰਢਾਣ,
ਪਰ ਮੈਂ ਗ਼ਮ ਦਾ ਸੇਕ ਹੰਢਾਵਾਂ, ਕਣੀਆਂ ਵਿਚ।

ਇੰਜ ਤਿਲਕ ਕੇ ਡਿੱਗਾਂ ਤੇਰੇ ਘਰ ਅੱਗੇ,
ਤੇਰੀ ਸਰਦਲ ਤੇ ਮਰ ਜਾਵਾਂ, ਕਣੀਆਂ ਵਿਚ।

ਬੂੰਦਾਂ ਬਣ ਬਣ ਬਰਸਾਂ ਤੇਰੇ ਚਿਹਰੇ ਤੇ,
ਜੀ ਕਰਦੈ ਬੱਦਲ ਬਣ ਜਾਵਾਂ, ਕਣੀਆਂ ਵਿਚ।

ਠੁਰ-ਠੁਰ ਕਰਦਾ ਵੇਖਾਂ ਜਦ ਮਜ਼ਦੂਰ ਕੋਈ,
ਚਾਹੁੰਦਾ ਹਾਂ ਭਾਂਬੜ ਬਣ ਜਾਵਾਂ, ਕਣੀਆਂ ਵਿਚ।

ਕੁਝ ਲੋਕੀਂ ਤਾਂ ਮੀਟ ਸ਼ਰਾਬ ਉਡਾਂਦੇ ਨੇ,
ਮੈਂ ਪੀਵਾਂ ਅਥਰੂ, ਗ਼ਮ ਖਾਵਾਂ, ਕਣੀਆਂ ਵਿਚ।

ਪਰਦੇਸਾਂ ਵਿਚ ਜਾ ਬੈਠਾ ਹੈ ''ਪਰਦੇਸੀ'',
ਮੈਂ, ''ਪੀਆ-ਪੀਆ'' ਕੁਰਲਾਵਾਂ, ਕਣੀਆਂ ਵਿਚ।



# ਭਲਕੇ ਤੇ ਪਰਸੋਂ

ਭਲਕੇ ਤੇ ਪਰਸੋਂ ਦੇ ਤੇਰੇ ਲਾਰੇ ਨੇ।
ਦਿਨ ਦੀਵੀਂ ਹਰ ਰੋਜ਼ ਵਿਖਾਏ ਤਾਰੇ ਨੇ।

ਰੋਜ਼ ਦਿਹਾੜੀ ਨਵੀਆਂ ਚਾਲਾਂ ਚਲਦਾ ਏਂ,
ਮੈਂ ਵੀ ਕੋਈ ਡੰਗਰ ਤੇ ਨਈਂ ਚਾਰੇ ਨੇ।

ਚਹੁੰ ਪਹਿਰਾਂ ਦੀ ਰਾਤ ਹਨੇਰੀ ਦੇ ਦਿੱਤੀ,
ਚਹੁੰ ਪਹਿਰਾਂ ਦੇ ਸੂਰਜ ਦੇ ਲਿਸ਼ਕਾਰੇ ਨੇ।

ਫੁਲ ਤੋਂ ਵੀ ਉਹ ਹੌਲੇ ਲਗਦੇ ਸੀ ਦੂਰੋਂ,
ਨੇੜੇ ਹਨ ਤਾਂ ਪੱਥਰ ਤੋਂ ਵੀ ਭਾਰੇ ਨੇ।

ਮੈਨੂੰ ਮੇਰੀ ਬਾਤ ਵਿਚਾਲੇ ਭੁੱਲ ਗਈ,
ਇਹ ਕੀ ਕੀਤਾ ਤੇਰੇ ਯਾਰ ਹੁੰਗਾਰੇ ਨੇ।

ਮਹਿਕਾਂ ਦੇ ਵਣਜਾਰੇ ਹਨ ਇਹ ''ਪਰਦੇਸੀ'',
ਬਾਗ਼ ਤੇਰੇ ਦੇ ਫੁੱਲ ਬੜੇ ਹੀ ਖ਼ਾਰੇ ਨੇ।

# ਹੋਣਗੇ ਦਰਸ਼ਨ ਕਦੋਂ

ਹੋਣਗੇ ਦਰਸ਼ਨ ਕਦੋਂ ਦਿਲਦਾਰ ਦੇ।
ਬੀਤਦੇ ਜਾਂਦੇ ਨੇ ਪਲ ਇਕਰਾਰ ਦੇ।

ਭਾਲਦੇ ਸੀ ਦੋਸਤੋ ਜੋ ਫੁੱਲ ਨੂੰ,
ਹੋ ਗਏ ਆਪੂੰ ਹਵਾਲੇ ਖ਼ਾਰ ਦੇ।

ਹੁਸਨ ਦਾ ਕੀ ਮੁੱਲ ਪੈਣਾ ਸੀ ਹਜ਼ੂਰ,
ਇਸ਼ਕ ਵਾਲੇ ਜੇ ਨਾ ਬਾਜ਼ੀ ਹਾਰਦੇ।

ਦਿਲ ਦੀ ਕੀਮਤ ਦਿਲ ਉਨ੍ਹਾਂ ਦਾ ਤਾਰਦੈ,
ਦੁਸ਼ਮਣਾਂ ਤੋਂ ਵੀ ਨੇ ਜੋ ਦਿਲ ਵਾਰਦੇ।

ਚਾੜ੍ਹਿਐ ਚੁੰਝਾਂ ਤੇ ਲੋਹਾ ਪੰਛੀਆਂ,
ਬਾਜ਼ ਵੇਖਾਂਗੇ ਕਿਵੇਂ ਹੁਣ ਮਾਰਦੇ।







ਸਾਡੇ ਨਾਲ ਉਹ ਕਿੰਜ ਪੈਦਲ ਤੁਰਨਗੇ,
ਲੈਣ ਗਿੱਝੇ ਨੇ ਜੋ ਹੂਟੇ "ਕਾਰ" ਦੇ।

ਮੁੱਲ ਪੈਂਦਾ ਵੇਖਿਆ ਹਰ ਚੀਜ਼ ਦਾ,
ਖੂਬ ਵੇਖੇ ਹੌਸਲੇ ਸਰਕਾਰ ਦੇ।

ਵੇਖ਼ਦੈਂ "ਪਰਦੇਸੀ" ਕੀ ਪਾਸੇ ਖੜ੍ਹਾ,
ਤਕ ਨਜ਼ਾਰੇ ਸਾਗਰਾਂ ਵਿਚਕਾਰ ਦੇ।

# ਨਜ਼ਾਰੇ ਭਾਲਦਾ

ਖ਼ੰਡਰਾਂ 'ਚੋਂ ਸੀ ਨਜ਼ਾਰੇ ਭਾਲਦਾ।
ਜ਼ਿੰਦਗੀ ਨੂੰ ਇਉਂ ਰਿਹਾ ਮੈਂ ਗਾਲ ਦਾ।

ਹੁਣ ਮਰੇਗਾ ਕੌਣ ਤੇਰੀ ਚਾਲ 'ਤੇ,
ਪਾਰਖ਼ੂ ਹਰ ਆਦਮੀ ਇਸ ਚਾਲ ਦਾ।

ਜਦ ਹਵਾ ਜਾਵੇ ਬਦਲ ਰੁੱਤਾਂ ਦੇ ਨਾਲ,
ਕਿਉਂ ਫਿਰੇਂ ਫਿਰ ਰੋਜ਼ ਮਹਿਕਾਂ ਭਾਲਦਾ।

ਕੀ ਤੁਹਾਨੂੰ ਹੀ ਮਿਲੇ ਹਨ ਬੇ-ਵਫ਼ਾ,
ਬੇ-ਵਫ਼ਾ ਇਕ ਹੈ ਮੇਰੇ ਵੀ ਨਾਲ ਦਾ।

ਫ਼ੈਸਲਾ ਇਹ ਲੋਕ ਆਪੀਂ ਕਰਨਗੇ,
ਕੀ ਬਦਲਿਆ ਰੰਗ ਹੈ ਇਸ ਸਾਲ ਦਾ।

ਅੰਤ "ਪਰਦੇਸੀ" ਰਿਹਾ ਨਾ ਉਹ ਵੀ ਨਾਲ,
ਜਫ਼ਰ ਤੂੰ ਜਿਸ ਵਾਸਤੇ ਸੀ ਜਾਲਦਾ।





# ਬੋਟ ਮੇਰੇ ਨੋਚਦਾ

ਕੌਣ ਹੈ ਜੋ ਬੋਟ ਮੇਰੇ ਨੋਚਦਾ।
ਮਰ ਗਿਆ ਪੰਛੀ ਵਿਚਾਰਾ ਸੋਚਦਾ।

ਉਹ ਵਗੀ ਵਾ ਬਿਰਖ਼ ਜੜ੍ਹ ਤੋਂ ਪੁਟ ਗਈ,
ਰਹਿ ਗਿਆ ਮੈਂ ਆਲ੍ਹਣੇ ਨੂੰ ਬੋਚਦਾ।

ਪੀ ਗਿਆ ਮੈਂ ਛਲਕਦੀ ਗ਼ਮ ਦੀ ਨਦੀ,
ਹਾਸਿਆਂ ਦੀ ਬੂੰਦ ਤਾਈਂ ਲੋਚਦਾ।

ਚਿਤਰਕਾਰਾ ਬਣ ਸਕੀ ਤਸਵੀਰ ਨਾ,
ਰੰਗ ਥੋੜ੍ਹੇ ਢੇਰ ਕਾਗ਼ਜ਼ ਪੋਚਦਾ।

ਰਾਤ, ਸਾਰੀ ਰਾਤ ਜੋ ਰੋਂਦੀ ਰਹੀ,
ਚੰਦ ਦੇ ਸੀ ਕੌਣ ਫੱਟ ਖ਼ਰੋਚਦਾ।

ਕੁਝ ਲਿਖਾਂਗਾ, ਸੋਚ ਕੇ ਚੁੱਕੀ ਕਲਮ,
ਸੌਂ ਗਿਆ "ਪਰਦੇਸੀ" ਕੀ ਕੀ ਸੋਚਦਾ।



# ਇਹ ਸਜ਼ਾ ਵੀ ਵਰ ਲਵਾਂ

ਵਰਨ ਨੂੰ ਤਾਂ ਇਹ ਸਜ਼ਾ ਵੀ ਵਰ ਲਵਾਂ।
ਦੋਸਤੋ ਬਿਨ ਮੌਤ ਕੀਕਣ ਮਰ ਲਵਾਂ।

ਕਹਿਰ ਦਾ ਸੇਕ ਮੇਰੇ ਜਿਸਮ ਵਿਚ,
ਬਰਫ਼ ਫਿਰ ਮੈਂ ਕਿਉਂ ਜਿਗਰ ਤੇ ਧਰ ਲਵਾਂ।

ਫਿਰ ਕਰਾਂਗਾ ਬਾਗ਼ ਤੇਰੇ ਦਾ ਖ਼ਿਆਲ,
ਢਿੱਡ ਪਹਿਲਾਂ ਪੰਛੀਆਂ ਦੇ ਭਰ ਲਵਾਂ।

ਸ਼ਬਦ ਮੇਰੇ ਨੂਰ ਹਨ ਮਜ਼ਦੂਰ ਦਾ,
ਕਤਲ ਗੀਤਾਂ ਦਾ ਕਿਵੇਂ ਮੈਂ ਜਰ ਲਵਾਂ।

ਤੇਰਿਆਂ ਹੈ ਪਰਬਤਾਂ ਦਾ ਕੀ ਵਜੂਦ,
ਜੇ ਮੈਂ ਕੱਠੇ ਤੇਸਿਆਂ ਨੂੰ ਕਰ ਲਵਾਂ।







ਸੋਚ ਮੇਰੀ ਦਾ ਪੜਾ ਨਜ਼ਦੀਕ ਨਈਂ,
ਸੋਚਣੇ ਨੂੰ ਕਿਉਂ ਹੁਧਾਰੇ ਫ਼ਰ ਲਵਾਂ।

ਮੁੜ ਲਵਾਂਗਾ ਫ਼ੈਸਲਾ ਡੂੰਘਾਣ ਦਾ,
ਠਹਿਰ ਜਾ, ਪਹਿਲਾਂ ਨਦੀ ਵਿਚ ਤਰ ਲਵਾਂ।

ਬਿਜਲੀਆਂ ਘਬਰੌਂਣ ''ਪਰਦੇਸੀ'' ਬਹੁਤ,
ਦਿਲ ਜਲਾ ਕੇ ਰੌਸ਼ਨੀ ਜਦ ਕਰ ਲਵਾਂ।

# ਯਾਦ ਜਦੋਂ ਉਹ ਰਾਤਾਂ ਦੀ

ਮੈਨੂੰ ਵੈਰਨ ਆ ਜਾਂਦੀ ਯਾਦ ਜਦੋਂ ਉਹ ਰਾਤਾਂ ਦੀ।
ਜ਼ਖਮੀ ਜ਼ਖਮੀ ਹੋ ਜਾਂਦੀ, ਛਾਤੀ ਹੈ ਪਰਭਾਤਾਂ ਦੀ।

ਔੜਾਂ ਮਾਰੀ ਇਹ ਧਰਤੀ ਸਾੜ ਦਵੇਗੀ ਰੁੱਖਾਂ ਨੂੰ,
ਨੀਤ ਸਵੱਲੀ ਨਾ ਹੋਈ ਜੇ ਕਿਧਰੇ ਬਰਸਾਤਾਂ ਦੀ।

ਸਾਡੀ ਵਾਰੀ ਵਰਤਾਵਾ ਜਾਮ ਅਧੂਰੇ ਰਖਦਾ ਏ,
ਇਸ ਦੇ ਅੰਦਰ ਵੀ ਪਾਪੀ ਅਗਨੀ ਹੈ ਪਖ਼-ਪਾਤਾਂ ਦੀ।

ਜਿਨ੍ਹਾਂ ਕਲੀਆਂ ਦੀ ਖ਼ਾਤਿਰ ਤੂੰ ਪੱਥਰ ਖਾਧੇ "ਪਰਦੇਸੀ",
ਖ਼ੂਬ ਸਜਾਈ ਉਹਨਾਂ ਨੇ, ਅਰਥੀ ਤਿਰੀਆਂ ਸੌਗਾਤਾਂ ਦੀ।





# ਕਤਲ ਸਵੇਰਾ ਕਿਸ ਕੀਤਾ

ਕਤਲ ਸਵੇਰਾ ਕਿਸ ਕੀਤਾ ?
ਘੋਰ ਹਨੇਰਾ ਕਿਸ ਕੀਤਾ ?

ਪੰਛੀ ਫੜ-ਫੜ ਕਰਦੇ ਨੇ,
ਕੈਦ ਚੁਫ਼ੇਰਾ ਕਿਸ ਕੀਤਾ ?

ਬਣਦੀ ਬਣਦੀ ਵਿਗੜ ਗਈ,
ਤੇਰਾ-ਮੇਰਾ ਕਿਸ ਕੀਤਾ ?

ਦਰਦ ਪਰੁੰਨੇ "ਪਰਦੇਸੀ",
ਥੋਹਰ੍ਹੀਂ ਡੇਰਾ ਕਿਸ ਕੀਤਾ ?



# ਤਨਹਾਈ ਵਿਚ ਘੇਰਾ

ਪਾਉਣ ਵਿਚਾਰ ਜਦੋਂ ਆ ਮੈਨੂੰ ਤਨਹਾਈ ਵਿਚ ਘੇਰਾ।
ਜਾਗਦਿਆਂ ਹੀ ਆ ਜਾਂਦਾ ਹੈ ਮੈਨੂੰ ਸੁਪਨਾ ਤੇਰਾ।

ਲੰਮਾ ਪੈਂਡਾ, ਸੱਪਾਂ ਦੇ ਸਿਰ, ਮੈਂ ਤਾਂ ਮਿਧਦੇ ਜਾਣਾ,
ਮੇਰੇ ਨਾਲ ਜੇ ਤੁਰਨਾ ਹੈ ਤਾਂ ਪੱਥਰ ਕਰ ਲੈ ਜੇਰਾ।

ਨਫ਼ਰਤ ਨਾਲ ਜਦੋਂ ਮੈਂ ਲਿਪੀਆਂ ਦੀਵਾਰਾਂ ਹਾਂ ਤਕਦਾ,
ਆਵੇ ਨਾ ਵਿਸ਼ਵਾਸ ਵਤਨ ਇਹ ਹੋ ਸਕਦਾ ਹੈ ਮੇਰਾ।

ਨੀਵਾਣਾਂ ਵਲ ਵਗ ਜਾਵਾਂਗਾ ਮੈਂ ਨਈਂ ਕੋਈ ਪਾਣੀ,
ਮੈਂ ਹਾਂ ਪੌਣ ਪੁਰੇ ਦੀ ਜਿਹੜੀ ਟਿੱਬੀਂ ਪਾਵੇ ਘੇਰਾ।

ਮੇਰੇ ਸੀਨੇ 'ਚੋਂ ਤਾਂ ਫਿਰ ਵੀ ਸੇਕ ਨਿਕਲਦਾ ਰਹਿੰਦੈ,
ਭਾਵੇਂ ਮੇਰਾ ਹੈ ਬਰਫ਼ੀਲੀ ਬਸਤੀ ਦੇ ਵਿਚ ਡੇਰਾ।







ਘੋਰ ਸਿਆਲੇ ਠੁਰ-ਠੁਰ ਕਰਕੇ ਜਿਸ ਵਿਚ ਮਰਿਆ ਬਾਬਾ,
ਲੀਰਾਂ ਹੋਏ ਉਸ ਕੰਬਲ ਵਿਚ ਝੱਟ ਨਾ ਲੰਘੇ ਮੇਰਾ।

ਜਦ ਲੋਕੀਂ ਉਠ ਧੰਦੀਂ ਲੱਗੇ ਸੂਰਜ ਆਪੇ ਚੜ੍ਹਨੈ,
ਤੇਰੀਆਂ ਬਾਂਗਾਂ ਨਾਲ ਨਾ ਹੋਣਾ ਕੁਕੜਾ ਦੂਰ ਹਨੇਰਾ।

"ਪਰਦੇਸੀ" ਸਚ ਬੋਲ ਕੇ ਏਥੋਂ ਜਾਨ ਬਚਾ ਕੇ ਨਿਕਲੀਂ,
ਦੁਸ਼ਮਣ ਸਚ ਦਾ ਕਿਣਕਾ ਕਿਣਕਾ ਵੈਰੀ ਚਾਰ ਚੁਫ਼ੇਰਾ।

# ਤੂੰ ਕਿਨਾਰਾ ਕਰ ਲਿਆ

ਮਹਿਰਮਾ ਚੰਗਾ ਹੀ ਏ ਜੇ ਤੂੰ ਕਿਨਾਰਾ ਕਰ ਲਿਆ।
ਕਰ ਲਿਆ ਤੇਰੀ ਮੈਂ ਯਾਰੀ ਦਾ ਨਿਤਾਰਾ ਕਰ ਲਿਆ।

ਦਸ ਨਾ ਹੋਈ ਦਾਸਤਾਂ ਅਸ਼ਕਾਂ ਤੋਂ ਤੇਰੀ ਤੇਗ਼ ਦੀ,
ਧਰ ਕੇ ਪੱਥਰ ਦਿਲ ਤੇ ਮੈਂ ਸਭ ਕੁਝ ਗ਼ਵਾਰਾ ਕਰ ਲਿਆ।

ਕਰ ਲਈ ਹੈ ਜੇ ਤੂੰ ਅਪਣੇ ਮਨ ਦੀ ਮਰਜ਼ੀ ਦਿਲਰੁਬਾ,
ਮੈਂ ਤੇਰੇ ਬਾਝੋਂ ਜਿਵੇਂ ਹੋਇਆ ਗੁਜ਼ਾਰਾ ਕਰ ਲਿਆ।

ਰਹਿਣ ਦੇ ਵੈਦਾ ਜਿਗਰ ਦੇ ਜ਼ਖਮ ਰਿਸਦੇ ਰਹਿਣ ਦੇ,
ਇਸ ਅਵੱਲੇ ਰੋਗ ਦਾ ਤੈਂ ਪੁਜ ਕੇ ਚਾਰਾ ਕਰ ਲਿਆ।

ਕਿਸ ਤਰ੍ਹਾਂ ਮਿੱਟੀ ਦੀ ਇਸ ਦੀਵਾਰ ਨੂੰ ਦੇਵਾਂ ਮੈਂ ਦੋਸ਼,
ਆਪ ਹੀ ਲਿਪ ਲਿਪ ਕੇ ਜਦ ਮੈਂ ਇਸ ਨੂੰ ਭਾਰਾ ਕਰ ਲਿਆ।

ਕੁਝ ਨ ਪੁਛ ਖੱਟੀ ਮੈਂ ਤੇਰੇ ਪਿਆਰ ਵਿਚ ਖੱਟੀ ਹੈ ਕੀ,
ਮਨ ਦੀਆਂ ਖ਼ੁਸ਼ੀਆਂ ਲੁਟਾ ਕੇ ਗ਼ਮ ਨੂੰ ਪਿਆਰਾ ਕਰ ਲਿਆ।

ਪੈ ਨਾ ਜਾਵੇ ਬਾਣ ''ਪਰਦੇਸੀ'' ਨੂੰ ਗੋਤੇ ਖਾਣ ਦੀ,
ਕਿਉਂ ਭਲਾ ਉਸ ਨੇ ਕਿਨਾਰੇ ਤੋਂ ਕਿਨਾਰਾ ਕਰ ਲਿਆ।



# ਤੇਰੇ ਸਾਵ੍ਹੇਂ ਸ਼ੀਸ਼ਾ

ਤੇਰੇ ਸਾਵ੍ਹੇਂ ਸ਼ੀਸ਼ਾ ਬਣ ਕੇ ਆਵਾਂਗੇ।
ਤੈਨੂੰ ਤੇਰਾ ਅਸਲੀ ਰੂਪ ਵਿਖਾਂਵਾਂਗੇ।

ਜਾਣ ਲਵੇਂਗਾ ਰੰਗਾਂ ਦੇ ਤੂੰ ਅਰਥ ਉਦੋਂ,
ਜਿਸ ਪਲ ਤੈਨੂੰ ਅਪਣਾ ਰੰਗ ਵਿਖਾਵਾਂਗੇ।

ਬਸਤੀ ਵਿੱਚੋਂ ਵੀ ਤੈਨੂੰ ਆਵੇਗਾ ਸੇਕ,
ਜਦ ਜੰਗਲ 'ਚੋਂ ਵਰ੍ਹਦੀ ਅੱਗ ਵਿਖਾਵਾਂਗੇ।

ਤੇਰੇ ਗੀਤਾਂ, ਸਾਜ਼ਾਂ ਬੇ-ਸੁਰ ਹੋ ਜਾਣੈ,
ਗੀਤ ਅਸੀਂ ਜਦ ਮਹਿਫ਼ਿਲ ਦੇ ਵਿਚ ਗਾਵਾਂਗੇ।

ਇਸ ਹੋਣੀ ਤੇ ਕੀਤਾ ਹੈ ਵਿਸ਼ਵਾਸ ਬੜਾ,
ਹੁਣ ਇਕ ''ਨਵ-ਹੋਣੀ'' ਦੀ ਹੋਂਦ ਬਣਾਵਾਂਗੇ।

ਝੁਗੀਆਂ 'ਚੋਂ ਜਦ ਸੁੱਤੇ ਲੋਕੀਂ ਜਾਗ਼ ਪਏ,
ਮਹਿਲ ਤੇਰੇ ਮਲਬੇ ਦਾ ਢੇਰ ਬਣਾਵਾਂਗੇ।

''ਪਰਦੇਸੀ'' ਨ੍ਹੇਰੇ ਦੀ ਛਾਤੀ ਚੀਰਾਂਗੇ,
ਚੌਰਾਹੇ ਵਿਚ ਖ਼ੂਨ ਦੀ ਜੋਤ ਜਗਾਵਾਂਗੇ।

# ਤੁਰ ਜਾਣ ਦੇ ਪਿੱਛੋਂ

ਬੜੀ ਸੋਗੀ ਹਵਾ ਛਾਈ ਤੇਰੇ ਤੁਰ ਜਾਣ ਦੇ ਪਿੱਛੋਂ।
ਗ਼ਜ਼ਲ ਗੁਲਜ਼ਾਰ ਕੁਰਲਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਬਹੁਤ ਰੌਣਕ ਸੀ ਮਹਿਫ਼ਿਲ ਵਿਚ, ਉਹ ਰੁਤ ਵੀ ਡਾਢ੍ਹੀ ਪਿਆਰੀ ਸੀ,
ਬੜੀ ਬੇ-ਦਰਦ ਰੁਤ ਆਈ, ਤੇਰੇ ਤੁਰ ਜਾਣ ਦੇ ਪਿੱਛੋਂ।

ਤੂੰ ਆ ਕੇ ਵੇਖ ਲੈ ''ਪ੍ਰਕਾਸ਼'' ਨੂੰ ਘਿਰਿਆ ਹਨੇਰੇ ਵਿਚ,
ਹਨੇਰਾ ਜਾਂਦਾ ਏ ਖਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਤੇਰੇ ਫਿਰ ਹਾਸਿਆਂ ਨੂੰ ਯਾਦ ਕਰ ਕਰ ਕੇ ਬੜਾ ਰੋਏ,
ਜਦੋਂ ਯਾਦ ਉਹ ਘੜੀ ਆਈ ਤੇਰੇ ਤੁਰ ਜਾਣ ਦੇ ਪਿੱਛੋਂ।

ਸਹਾਰਾ ਐਸਾ ਦਿੱਤਾ ਬੇ-ਸਹਾਰਾ ਕਰ ਗਿਉਂ ਸਾਨੂੰ,
ਬਣੇ ਅਪਣੇ ਤਮਾਸ਼ਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਤੂੰ ਡੇਰਾ ਲਾ ਲਿਆ ਏ ਜਾ ਕੇ ਜਿਹੜੇ ਦੇਸ਼ ''ਪਰਦੇਸੀ'',
ਮੈਂ ਪਲ ਪਲ ਮੌਤ ਹੰਢਾਈ ਤੇਰੇ ਤੁਰ ਜਾਣ ਦੇ ਪਿੱਛੋਂ।





# ਖਿੜਦੇ ਗੁਲਾਬ

ਮਾਲੀ ਹੀ ਜਦ ਮਸਲਦੈ ਖਿੜਦੇ ਗੁਲਾਬ ਆਖ਼ਿਰ।
ਹੋਣਾ ਹੈ ਫਿਰ ਚਮਨ ਦਾ ਖ਼ਾਨਾ-ਖ਼ਰਾਬ ਆਖ਼ਿਰ।

ਇਸ ਸਾਦਗੀ 'ਚ ਤੇਰੀ ਕਿੰਨੀ ਕੁ ਹੈ ਹਕੀਕਤ,
ਲੱਥੇਗਾ ਤੇਰੇ ਮੁਖ ਤੋਂ ਇਕ ਦਿਨ ਨਕਾਬ ਆਖ਼ਿਰ।

ਫੁੱਲਾਂ ਦੇ ਹਾਰ ਪਾ ਕੇ, ਰੱਖੇ ਸੀ ਜੋ ਸਜਾ ਕੇ,
ਮਕਤਿਲ 'ਚ ਆਪ ਭੇਜੇ ਅਪਣੇ ਮੈਂ ਖ਼ਾਬ ਆਖ਼ਿਰ।

ਪੁਰਜ਼ੇ ਕਰਾ ਕੇ ਤੈਥੋਂ ਹੁਣ ਸੋਚਦਾ ਹਾਂ ਬੈਠਾ,
ਕਿਉਂ ਖੋਲ੍ਹਣੀ ਸੀ ਝਲਿਆ, ਦਿਲ ਦੀ ਕਿਤਾਬ ਆਖਿਰ।

ਮਿਲਦੇ ਹੀ ਸਾਰ ਤੇਰਾ ਇਕ ਦਮ ਸਵਾਲ ਕਰਨਾ,
ਸਾਨੂੰ ਬਣਾ ਗਿਆ ਏ, ਹਾਜ਼ਿਰ ਜਵਾਬ ਆਖਿਰ।

ਝੂਠੇ ਸਹਾਰੇ ਉੱਤੇ ''ਪਰਦੇਸੀ'' ਜੀ ਰਿਹਾ ਏ,
ਦੇਵੇਗੀ ਸਾਥ ਤੇਰਾ ਕਦ ਤਕ ਸ਼ਰਾਬ ਆਖ਼ਿਰ।



# ਖ਼ਾਰ ਉਗਾਏ ਜਾਂਦੇ ਨੇ।

ਏਸ ਚਮਨ ਵਿਚ ਖ਼ਾਰ ਉਗਾਏ ਜਾਂਦੇ ਨੇ।
ਫੁੱਲਾਂ ਦੇ ਸੁਪਨੇ ਦਫ਼ਨਾਏ ਜਾਂਦੇ ਨੇ।

ਦੇਵਤਿਆਂ ਨੂੰ ਪੱਥਰ ਏਥੇ ਵੱਜਣ ਰੋਜ਼,
ਨਿਤ ਪਥਰਾਂ ਨੂੰ ਫੁੱਲ ਝੜ੍ਹਾਏ ਜਾਂਦੇ ਨੇ।

ਮੇਰੇ ਪਿੰਡ 'ਚ ਰੋਜ਼ ਦੁਸਹਿਰਾ ਲਗਦਾ ਏ,
ਜਿਸ ਵਿਚ ਫੜ ਕੇ ਰਾਮ ਜਲਾਏ ਜਾਂਦੇ ਨੇ।

ਭੁਖਿਆਂ ਆਵਾਜ਼ ਸੁਣਾਈ ਨਾ ਦੇਵੇ,
ਖ਼ਬਰੇ ਤਾਂ ਹੀ ਢੋਲ ਵਜਾਏ ਜਾਂਦੇ ਨੇ।

ਸੋਚ ਲਿਆ ਸੀ ਤੈਨੂੰ ਪੂਜਣ ਤੋਂ ਪਹਿਲਾਂ,
ਆਸ਼ਿਕ ਸੂਲੀ ਤੇ ਲਟਕਾਏ ਜਾਂਦੇ ਨੇ।

ਆਪਾਂ ਵੀ ਫ਼ਿਰ ਵਾਅਦਾ ਕੋਈ ਨਾ ਕਰੀਏ,
ਜੇਕਰ ਵਾਅਦੇ ਸੱਚ ਨਿਭਾਏ ਜਾਂਦੇ ਨੇ।

ਮੌਤ ਲਈ "ਪਰਦੇਸੀ" ਅਰਜ਼ੀ ਦੇ ਦਈਏ,
ਮਰਨੋਂ ਬਾਦ ਸ਼ਰਾਧ ਖਵਾਏ ਜਾਂਦੇ ਨੇ।





# ਬਣਾਈ ਜਾਣ ਦੇ ਮੈਨੂੰ।

ਹਵਾ ਨੂੰ ਚੀਰ ਕੇ ਰਸਤਾ ਬਣਾਈ ਜਾਣ ਦੇ ਮੈਨੂੰ।
ਤੂੰ ਮੈਨੂੰ ਰੋਕ ਨਾ ਜਲਵਾ ਵਿਖਾਈ ਜਾਣ ਦੇ ਮੈਨੂੰ।

ਅਸਾਨੂੰ ਸੁਪਨਿਆਂ ਦੀ ਜ਼ਿੰਦਗੀ ਤੋਂ ਮੌਤ ਪਿਆਰੀ ਹੈ,
ਇਹ ਜੀਵਨ ਵਾਸਤੇ ਜੀਵਨ ਲੁਟਾਈ ਜਾਣ ਦੇ ਮੈਨੂੰ।

ਬੜੀ ਹੀ ਰਾਤ ਕਾਲੀ ਹੈ ਕਿਤੇ ਭੁਲ ਜਾਣ ਨਾ ਰਾਹੀ,
ਇਹ ਅਪਣੇ ਖ਼ੂਨ ਦੇ ਦੀਵੇ ਜਗਾਈ ਜਾਣ ਦੇ ਮੈਨੂੰ।

ਇਹ ਮੇਰਾ ਸ਼ੌਕ ਹੈ ਨਚਣਾ ਸਦਾ ਨੇਜ਼ੇ ਦੀ ਨੋਕ ਉੱਤੇ,
ਕਬੂਤਰ ਸ਼ੌਕ ਅਪਣੇ ਦੇ ਉਡਾਈ ਜਾਣ ਦੇ ਮੈਨੂੰ।

ਮਨੁਖਤਾ ਓਸ ਦੇ ਵਿਚ ਹੈ ਜੋ ਮਰਦੈ ਅਣਖ ਦੀ ਖ਼ਾਤਿਰ,
ਮਨੁਖ਼ਤਾ ਵਾਸਤੇ ਸਭ ਕੁਝ ਲੁਟਾਈ ਜਾਣ ਦੇ ਮੈਨੂੰ।

ਸਿਤਮਗ਼ਰ ਨੂੰ ਸਿਤਮ ਕਰਨੇ ਦਾ ਦੇਣੈ ਸਬਕ "ਪਰਦੇਸੀ",
ਇਹ ਛੋਲੇ ਕੱਚ ਦੇ ਉਸ ਨੂੰ ਚਬਾਈ ਜਾਣ ਦੇ ਮੈਨੂੰ।



# ਐਸੇ ਮਿੱਤਰ ਨਾਲੋਂ

ਐਸੇ ਮਿੱਤਰ ਨਾਲੋਂ ਦੁਸ਼ਮਣ ਬਿਹਤਰ ਨੇ।
ਜਿਸ ਮਿੱਤਰ ਦੀ ਬੁੱਕਲ ਦੇ ਵਿਚ ਖ਼ੰਜਰ ਨੇ।

ਛਡ ਜਾਂਦੇ ਨੇ ਸਾਥ ਉਦੋਂ ਸਭ ਨਜ਼ਦੀਕੀ,
ਜਦ ਵੀ ਸੱਚਾਈ ਤੇ ਵਰ੍ਹਦੇ ਪੱਥਰ ਨੇ।

ਉਹ ਬੰਦਾ ਤਾਂ ਜੁੱਤੀ ਖ਼ਾਤਿਰ ਜੂਝੇਗਾ,
ਜਿਸ ਦੇ ਪੈਰਾਂ ਦੇ ਵਿਚ ਚੁਭਦੇ ਕੰਕਰ ਨੇ।

ਬੁੱਧੀਜੀਵਾਂ ਨੂੰ ਗੁਮਰਾਹ ਕਰ ਲੈਂਦੇ ਹਨ,
ਕੁਝ ਸ਼ਬਦਾਂ ਦੇ ਐਸੇ ਵੀ ਕੁਝ ਅੱਖਰ ਨੇ।

ਉਸ ਬਸਤੀ ਵਿਚ ਬੰਦੇ ਦੀ ਕੀ ਚੱਲੇਗੀ,
ਜਿਸ ਬਸਤੀ ਵਿਚ ਬਾਂਦਰ ਹੀ ਬਸ ਬਾਂਦਰ ਨੇ।









ਜਦ ਤੋਂ ਲੱਗੀ ਹੈ ਅਗ ''ਖ਼ਾਦ-ਖੁਰਾਕਾਂ ਨੂੰ,
ਬਾਰੂਦਾਂ ਦੇ ਚਰਚੇ ਚਲਦੇ ਘਰ-ਘਰ ਨੇ।

ਸ਼ੀਸ਼ੇ ਦੇ ਘਰ ਦਾ ਹੁਣ ਸ਼ੌਂਕ ਤਿਆਗ ਦਿਉ,
ਲੋਕਾਂ ਦੀ ਝੋਲੀ ਵਿਚ ਅਜ-ਕਲ ਪੱਥਰ ਨੇ।

ਪਾਕ-ਮੁਹੱਬਤ ਦੀ ਗੱਲ ਕਰਦੈਂ ''ਪਰਦੇਸੀ'',
ਅਜ ਕਲ ਦੇ ਤਾਂ ਚੰਮ ਹੰਢਾਉਣੇ ਦਿਲਬਰ ਨੇ।

# ਦਿਲ ਨੂੰ ਹਲਾਲ ਕਰਨਾ

ਯਾਦਾਂ ਦਾ ਫੜ ਕੇ ਖੰਜਰ ਦਿਲ ਨੂੰ ਹਲਾਲ ਕਰਨਾ।
ਸਾਡੇ ਤੋਂ ਕੋਈ ਸਿੱਖੇ, ਐਸਾ ਕਮਾਲ ਕਰਨਾ।

ਹਿਜਰਾਂ ਦਾ ਜ਼ਹਿਰ ਪੀ-ਪੀ ਧਰਵਾਸ ਦਿਲ ਨੂੰ ਦੇ-ਦੇ,
ਧੋਖਾ ਜਵਾਨ ਰੁੱਤੇ ਜੋਬਨ ਦੇ ਨਾਲ ਕਰਨਾ।

ਤੇਰੇ ਨਗਰ 'ਚੋਂ ਸਜਣਾ, ਲੱਗੈ ਇਹ ਰੋਗ ਸਾਨੂੰ,
ਖੁਸ਼ੀਆਂ ਦਾ ਖ਼ੂਨ ਕਰ, ਕਰ, ਗ਼ਮ ਨੂੰ ਨਿਹਾਲ ਕਰਨਾ।

ਚੇਤੇ ਹੈ ਸਾਨੂੰ ਤੇਰਾ ਕੋਰਾ ਜਵਾਬ ਦੇਣਾ,
ਸਾਡਾ ਸਵਾਲੀ ਬਣ ਕੇ ਮੁੜ ਘਿੜ ਸਵਾਲ ਕਰਨਾ।

ਗ਼ੈਰਾਂ ਦੇ ਨਾਲ ਤੇਰਾ ਉਫ਼! ਖਿੜ ਖਿੜਾ ਕੇ ਹਸਣਾ,
ਉਫ਼! ਸਾਡਾ ਲੁਕ ਲੁਕਾ ਕੇ ਗਿੱਲਾ ਰੁਮਾਲ ਕਰਨਾ।

ਹੁਣ ਕਿੰਨੀ ਓਪਰੀ ਤੇ ਲਗਦੀ ਫ਼ਜ਼ੂਲ ਗਲ ਹੈ,
ਤੇਰੇ ਨਗਰ ਦੇ ਅੰਦਰ ਅਪਣਾ ਖ਼ਿਆਲ ਕਰਨਾ।

ਹੁੰਦਾ ਹੈ ਇਸ਼ਕ ਅੰਦਰ, "ਪਰਦੇਸੀ" ਇਹ ਕਰਿਸ਼ਮਾ,
ਹਾਸੇ ਲੁਟਾ ਲੁਟਾ ਕੇ, ਦਰਦਾਂ ਦੀ ਭਾਲ ਕਰਨਾ।





# ਤੇਰੇ ਬਗ਼ੈਰ ਸਾਵਣ

ਦਿਲ ਨੂੰ ਜਲਾਉਣ ਆਇਆ, ਤੇਰੇ ਬਗ਼ੈਰ ਸਾਵਣ।
ਬਣ ਕੇ ਅਜ਼ਾਬ ਛਾਇਆ, ਤੇਰੇ ਬਗ਼ੈਰ ਸਾਵਣ।

ਜੋਬਨ ਦੀ ਮੋਮਬੱਤੀ, ਬਲਦੀ ਤੇ ਢਲਦੀ ਜਾਵੇ,
ਸਾਡੇ ਕੀ ਕੰਮ ਆਇਆ, ਤੇਰੇ ਬਗ਼ੈਰ ਸਾਵਣ।

ਲੱਖਾਂ ਹੀ ਨਾਗ ਮੇਰੇ ਪੱਲੂ 'ਚੋਂ ਉੱਭਰ ਆਏ,
ਜਦ ਮੈਨੂੰ ਛੂਹਣ ਆਇਆ, ਤੇਰੇ ਬਗ਼ੈਰ ਸਾਵਣ।

ਬਿਰਹਣ ਦੀ ਹਿੱਕ ਅੰਦਰ, ਲੱਖਾਂ ਹੀ ਗੀਤ ਮੱਚੇ,
ਅੰਗਾਰ ਲੈ ਕੇ ਆਇਆ, ਤੇਰੇ ਬਗੈਰ ਸਾਵਣ।

ਅੰਬਰ ਦੇ ਹੰਝ ਡਿੱਗਣ, ਪੌਣਾਂ ਦੇ ਵੈਣ ਗੂੰਜਣ,
ਜਾਪੇ ਮਕਾਣ ਆਇਆ ਤੇਰੇ ਬਗ਼ੈਰ ਸਾਵਣ।

"ਪਰਦੇਸੀ" ਪਰਤਿਉਂ ਨਾ ਰੁਤ ਰਾਂਗਲੀ ਹੈ ਪਰਤੀ,
ਆਇਆ ਜਿਹਾ ਨਾ ਆਇਆ, ਤੇਰੇ ਬਗ਼ੈਰ ਸਾਵਣ।



# ਖ਼ੇਤ ਸਰੁਵਾਂ ਦੇ

ਖ਼ੇਤ ਸਰੁਵਾਂ ਦੇ ਜਦੋਂ ਵੀ ਲਹਿਲਹਾਉਂਦੇ ਹੋਣਗੇ।
ਤੇਰੇ ਸਾਵ੍ਹੇਂ ਨਕਸ਼ ਮੇਰੇ ਉੱਭਰ ਆਉਂਦੇ ਹੋਣਗੇ।

ਬਿਰਖ਼ ਤੇ ਪੰਛੀ ਜਦੋਂ ਚੁੰਝਾਂ ਛੁਹਾਉਂਦੇ ਹੋਣਗੇ।
ਵਲ-ਵਲੇਵੇਂ ਤੇਰੇ ਵੀ ਸਾਹਾਂ ਨੂੰ ਆਉਂਦੇ ਹੋਣਗੇ।

ਮਹਿਰਮਾ ਗਲ ਨਾਲ ਲਾ ਕੇ ਹੁਣ ਤੇਰਾ ਪੱਲੂ ਉਦਾਸ,
ਪੌਣ ਦੇ ਬੁੱਲੇ ਵੀ ਹੁਣ ਹੰਝੂ ਵਹਾਉਂਦੇ ਹੋਣਗੇ।

ਹੁਣ ਵੀ ਮਜਲਿਸ ਖੁੰਢ੍ਹ ਉੱਤੇ ਲਗਦੀ ਹੋਵੇਗੀ ਜ਼ਰੂਰ,
ਲੋਕ ਸਾਡੇ ਇਸ਼ਕ ਦੇ ਕਿੱਸੇ ਸੁਣਾਉਂਦੇ ਹੋਣਗੇ।

ਟੁਟਦਾ ਹੋਵੇਗਾ ਨਜ਼ਰ ਵਿਚ ਦਿਨ ਚੜ੍ਹੇ ਦਾ ਤਾਰਾ ਹੁਣ,
ਗੁਰਦੁਆਰੇ ਲੋਕ ਜਦ ਜਾਂਦੇ ਤੇ ਆਉਂਦੇ ਹੋਣਗੇ।







ਸਾਡੀ ਉਲਫ਼ਤ ਦੇ ਮਜ਼ਾਰ ਉੱਤੇ ਸਨਮ ਸਾਡੇ ਰਕੀਬ,
ਸਰਦ ਰੁੱਤੇ ਹਰ ਵਰ੍ਹੇ ਲੋਹੜੀ ਜਲਾਉਂਦੇ ਹੋਣਗੇ।

ਅਟਕ ਜਾਂਦੇ ਹੋਣਗੇ ਫਿਰ ਤੇਰਿਆਂ ਸਾਹਾਂ 'ਚ ਖ਼ਾਰ,
ਪਿਆਰ ਦੇ ਫੁਲ ਜਦ ਕਦੇ ਵੀ ਮੁਸਕਰਾਉਂਦੇ ਹੋਣਗੇ।

ਢੇਰ ਤਿੜਕੇ ਸੁਪਨਿਆਂ ਦਾ ਹੁਣ ਲਗਾ ਕੇ ਰਾਤ ਭਰ,
ਰੋਜ਼ ''ਪਰਦੇਸੀ'' ਹੁਰੀਂ ਹੱਥੀਂ ਜਲਾਉਂਦੇ ਹੋਣਗੇ।

# ਬਣ ਕੇ ਘਟਾ

ਕਦੀ ਦਿਲ ਤੇ ਵੱਸੇਂ ਤੂੰ ਬਣ ਕੇ ਘਟਾ।
ਕਦੀ ਦੇਵੇਂ ਮੇਰੇ ਤੂੰ ਸੁਪਨੇ ਜਲਾ।

ਨਿਗਾਹਾਂ ਦੇ ਨੇੜੇ ਤੇ ਸਾਹਾਂ ਤੋਂ ਦੂਰ,
ਚਲੇਗਾ ਇਹ ਕਿੰਨਾ ਕੁ ਚਿਰ ਸਿਲਸਿਲਾ।

ਮੁਹੱਬਤ ’ਚ ਹੁੰਦੈ ਇਹੋ ਕੁਝ ਹਜ਼ੂਰ,
ਨਾ ਅਪਣੀ ਖ਼ਬਰ ਤੇ ਨਾ ਦਿਲ ਦਾ ਪਤਾ।

ਲੜਾ ਵੀ ਦੇ ਮੈਨੂੰ ਇਹ ਜ਼ੁਲਫਾਂ ਦੇ ਨਾਗ,
ਝੜਾ ਮੈਨੂੰ ਇਸ ਜ਼ਹਿਰ ਦਾ ਭੀ ਨਸ਼ਾ।

ਕਿਤੇ ਟੁਟ ਨਾ ਜਾਵੇ ਇਹ ਸਾਹਾਂ ਦੀ ਡੋਰ,
ਨਾ ਤੂੰ ਸਬਰ ਇਹ ਸਾਡਾ ਹੋਰ ਆਜ਼ਮਾ।

ਚਲੋ ਏਸ ਮੌਸਮ ’ਚ ਕਰੀਏ ਅਸੀਂ,
ਕੋਈ ਰਾਂਗਲੀ ਖ਼ੂਬਸੂਰਤ ਖ਼ਤਾ।

ਹੈ ਪਰਦੇਸੀ ਅਪਣੇ ’ਚ ਸ਼ਬਦਾਂ ਦੀ ਵਾਟ,
ਮੁਕਾਵਾਂਗੇ ਇਹ ਵੀ ਕਦੋਂ ਫ਼ਾਸਲਾ।





# ਖਿੰਡਾਉਂਦਾ ਆ ਗਿਆ ਹਾਸੇ

ਕੋਈ ਸੁੰਨੀ ਫਿਜ਼ਾ ਅੰਦਰ ਖਿੰਡਾਉਂਦਾ ਆ ਗਿਆ ਹਾਸੇ।
ਚਿਰੋਂ ਗ਼ਮਗੀਨ ਹੋਠਾਂ ਤੇ ਸਜਾਉਂਦਾ ਆ ਗਿਆ ਹਾਸੇ।

ਅਜਬ ਮੁਸਕਾਨ ਬੁਲ੍ਹੀਆਂ ਤੇ ਅਜਬ ਹੈ ਨੂਰ ਚਿਹਰੇ ਤੇ,
ਅਸਾਡੇ ਰੋਮ ਰੋਮ ਅੰਦਰ ਰਚਾਉਂਦਾ ਆ ਗਿਆ ਹਾਸੇ।

ਹਵਾ ਸੰਗੀਤ ਭਿੱਜੀ ਹੈ ਚੁਫੇਰੇ ਛਾਈ ਹੈ ਮਸਤੀ,
ਕੋਈ ਪੌਣਾਂ ਦੀ ਧੜਕਣ ਤੇ ਨਚਾਉਂਦਾ ਆ ਗਿਆ ਹਾਸੇ।

ਕਹੋ ਇਹ ਤਿਤਲੀਆਂ ਨੂੰ ਬਾਗ਼ ਵਿਚ ਸੂਰਜਮੁਖੀ ਖਿੜਿਐ,
ਕੋਈ ਇਸ ਕਾਲੇ ਬਾਗ਼ ਅੰਦਰ ਖਿੰਡਾਉਂਦਾ ਦਾ ਗਿਆ ਹਾਸੇ।

ਨਸ਼ਾ ਹੈ ਉਸ ਦੇ ਆਉਂਣੇ ਦਾ ਅਸੀਂ ਨਈਂ ਮੈ-ਕਸ਼ੀ ਕੀਤੀ,
ਹਕੀਕਤ ਹੈ ਉਹ “ਮੈ” ਵਰਗੇ ਪਿਲਾਉਂਦਾ ਆ ਗਿਆ ਹਾਸੇ।

ਮੇਰੇ ਹੁਣ ਯਾਰ ਸਾਰੇ ਹੀ ਬੜੇ ਹਸਦੇ ਹਸਾਉਂਦੇ ਨੇ,
ਉਹ ਸਾਵਣ ਦੀ ਘਟਾ ਵਾਂਗੂੰ ਵਰ੍ਹਾਉਂਦਾ ਆ ਗਿਆ ਹਾਸੇ।

ਸਵਾਗਤ ਹਾਸਿਆਂ ਦਾ ਦੋਸਤੋ ਰਲ ਕੇ ਚਲੋ ਕਰੀਏ,
ਕੋਈ ਬੁਲ੍ਹੀਆਂ ਤੇ “ਪਰਦੇਸੀ” ਨਚਾਉਂਦਾ ਆ ਗਿਆ ਹਾਸੇ।



# ਪੰਜਾਬ ਅੰਦਰ

ਦੁਸ਼ਟਾਂ ਨੇ ਅਗ ਲਾਈ ਹੈ, ਪੰਜਾਬ ਅੰਦਰ।
ਮੱਚੀ ਹਾਲ ਦੁਹਾਈ ਹੈ, ਪੰਜਾਬ ਅੰਦਰ।

ਫਿਰਕਾ ਪ੍ਰਸਤੀ ਛਾਈ ਹੈ, ਪੰਜਾਬ ਅੰਦਰ।
ਕੌਣ ਕਿਸੇ ਦਾ ਭਾਈ ਹੈ, ਪੰਜਾਬ ਅੰਦਰ।

ਸੜਕਾਂ ਕੰਢੇ, ਭੁੱਖੇ ਲੋਕੀਂ ਸੌਂਦੇ ਨੇ,
ਕਹਿਣ ਨੂੰ ਘਟ ਮਹਿੰਗਾਈ ਹੈ, ਪੰਜਾਬ ਅੰਦਰ।

ਰਾਤ ਦਿਨੇ ਕਰਦਾ ਹੈ ਮਿਹਨਤ "ਰਾਜਿੰਦਰ"
ਫਿਰ ਵੀ ਇਹ ਕਰਜ਼ਾਈ ਹੈ, ਪੰਜਾਬ ਅੰਦਰ।

ਧਨ ਦੀ ਖ਼ਾਤਿਰ ਮਿੱਟੀ ਦਾ ਮੋਹ ਛਡਿਆ ਨਈਂ,
ਮੈਂ ਤਾਂ ਉਮਰ ਬਿਤਾਈ ਹੈ, ਪੰਜਾਬ ਅੰਦਰ।







ਅਪਣੇ ਦਿਲ ਦੇ ਕਾਤਿਲ, ਦਾ ਕਿਉਂ ਜ਼ਿਕਰ ਕਰਾਂ,
ਮੇਰੇ ਤੇ ਕਰਜ਼ਾਈ ਹੈ ਪੰਜਾਬ ਅੰਦਰ।

ਧਰਤੀ ਵਰਗੇ ਸੱਚੇ ਰਿਸ਼ਤੇ ਦੀ ਖਾਤਿਰ,
ਮੈਂ ਤੁਹਮਤ ਹੰਢਾਈ ਹੈ, ਪੰਜਾਬ ਅੰਦਰ।

ਝੂਠੀ ਮੁਸਕਾਹਟ ਦੇ ਪਰਦੇ ਓਹਲੇ ਮੈਂ,
ਸੱਚੀ ਪੀੜ ਹੰਢਾਈ ਹੈ, ਪੰਜਾਬ ਅੰਦਰ।

ਜਾ ਸੁਟਿਐ "ਪਰਦੇਸੀ" "ਵਾਘਾ ਬਾਡਰ" ਤੇ,
ਕੀ ਇਸ ਦੀ ਸੁਣਵਾਈ ਹੈ, ਪੰਜਾਬ ਅੰਦਰ।

# ਇਹ ਭਰਮ ਹੈ

ਇਹ ਭਰਮ ਹੈ, ਸੇਕ "ਭੋਂ" ਦਾ ਨਰਮ ਹੈ।
ਦੋਸਤੋ ਧਰਤੀ ਬੜੀ ਹੀ ਗਰਮ ਹੈ।

ਮਾਰਦੇ ਫਿਰਦੇ ਹਨੇਰੇ ਚਾਂਗਰਾਂ,
ਸੂਰਜਾ ਤੈਨੂੰ ਨਾ ਆਉਂਦੀ ਸ਼ਰਮ ਹੈ।

ਜ਼ੁਲਮ ਦੀ ਜੜ੍ਹ ਪੁੱਟਣਾ ਸਾਡਾ ਹੈ ਕੰਮ,
ਜ਼ੁਲਮ ਕਰਨਾ ਜੇ ਤੁਹਾਡਾ ਧਰਮ ਹੈ।

ਤੇਸਿਆਂ ਦੇ ਸਾਹਮਣੇ ਕਿਸ ਬੋਲਣੈਂ,
ਆਖਦੇ ਹੋ ਉਹ ਸੁਭਾ ਦਾ ਗਰਮ ਹੈ।

ਚੋਰ ਨੂੰ ਜੇ ਚੋਰ ਕਹਿਣਾ ਹੈ ਗੁਨਾਹ,
ਸਾਧ ਨੂੰ ਫਿਰ ਸਾਧ ਕਹਿਣਾ ਜ਼ੁਰਮ ਹੈ।

ਹੱਥ "ਪਰਦੇਸੀ" ਪਵੇਗਾ ਪਾਉਣਾ ਹੁਣ,
ਨਾਗ ਕਾਲੇ ਦੀ ਇਹ ਭਾਵੇਂ ਵਰਮ ਹੈ।





# ਮੌਸਮ ਜਵਾਨ ਹੈ

ਕੋਈ ਕਮਾਲ ਕਰੀਏ, ਕਿ ਮੌਸਮ ਜਵਾਨ ਹੈ।
ਦਿਲ ਦੀ ਸੰਭਾਲ ਕਰੀਏ, ਕਿ ਮੌਸਮ ਜਵਾਨ ਹੈ।

ਸੱਜਣ ਦੇ ਰੰਗ ਵਰਗਾ ਹੀ ਕਮਰੇ ਨੂੰ ਕਰਕੇ ਰੰਗ,
ਸੱਜਣ ਦੀ ਭਾਲ ਕਰੀਏ, ਕਿ ਮੌਸਮ ਜਵਾਨ ਹੈ।

ਮਹਿਕਾਂ ਨੂੰ ਖੰਭ ਲਾਈਏ ਜੁ ਢਾਰੇ ਵੀ ਮਹਿਕ ਜਾਣ,
ਫੁੱਲਾਂ ਦੀ ਭਾਲ ਕਰੀਏ, ਕਿ ਮੌਸਮ ਜਵਾਨ ਹੈ।

ਚਲ ਹਉਕਿਆਂ ਦੀ ਬਸਤੀ 'ਚ ਹਾਸੇ ਖਿਲਾਰੀਏ,
ਖੁਸ਼ੀਆਂ ਦੀ ਭਾਲ ਕਰੀਏ, ਕਿ ਮੌਸਮ ਜਵਾਨ ਹੈ।

"ਪਰਦੇਸੀ" ਪਿਆਰ ਦੇ ਬੁਕ ਭਰ-ਭਰ ਕੇ ਵੰਡੀਏ,
ਸਭ ਨੂੰ ਨਿਹਾਲ ਕਰੀਏ, ਕਿ ਮੌਸਮ ਜਵਾਨ ਹੈ।



# ਮੁਹੱਬਤ ਦਾ ਖ਼ੁਦਾ ਬਣ ਕੇ

ਅਸੀਂ ਸਭ ਨੂੰ ਵਿਖਾ ਦਿੰਦੇ ਮੁਹੱਬਤ ਦਾ ਖ਼ੁਦਾ ਬਣ ਕੇ।
ਜੇ ਉਸ ਨੇ ਡੋਬਿਆ ਹੁੰਦਾ ਨਾ ਸਾਨੂੰ ਦਿਲ-ਰੁਬਾ ਬਣਾ ਕੇ।

ਇਹ ਜੰਜ਼ੀਰਾਂ ਤੇ ਦੀਵਾਰਾਂ ਵੀ ਸਾਨੂੰ ਰੋਕ ਨਾ ਸਕੀਆਂ,
ਅਸੀਂ ਹਰ ਰੋਜ਼ ਮਿਲਦੇ ਸਾਂ ਤੇ ਮਿਲਦੇ ਸਾਂ ਹਵਾ ਬਣਕੇ।

ਅਸਾਨੂੰ ਹਰ ਕਦਮ ਉੱਤੇ ਹੈ ਓਸੇ ਨੇ ਦਗ਼ਾ ਦਿੱਤਾ,
ਜਿਹੜਾ ਵੀ ਨਾਲ ਤੁਰਿਆ ਹੈ ਅਸਾਡਾ ਆਸਰਾ ਬਣ ਕੇ।

ਤੁਹਾਡੇ ਤੋਂ ਸਹਾਰੇ ਦੀ ਕਦੋਂ ਮੈਂ ਭੀਖ਼ ਮੰਗਦਾ ਹਾਂ,
ਤੁਹਾਨੂੰ ਕੌਣ ਕਹਿੰਦਾ ਹੈ ਕਿ ਆਵੋ ਰਹਿਨੁਮਾ ਬਣ ਕੇ।

ਮੇਰੇ ਤਾਂ ਬੋਲ ਜਨਮੇਂ ਨੇ ਹਮੇਸ਼ਾਂ ਲਾਟ ਦੀ ਕੁੱਖੋਂ,
ਗ਼ਜ਼ਲ ਮੇਰੀ ਨਹੀਂ ਵਿਚਰੀ ਕਦੀ ਵੀ ਇਲਤਜਾ ਬਣ ਕੇ।

ਹਨੇਰੇ ਦੀ ਹੀ ਛਾਤੀ ਤੇ ਮੁਕਾਇਆ ਪੰਧ ਜੀਵਨ ਦਾ,
ਮਿਲੀ ਹਰ ਰਾਤ "ਪਰਦੇਸੀ" ਨੂੰ ਅਕਸਰ ਬਦ-ਦੁਆ ਬਣ ਕੇ।





# ਗ਼ਮਾਂ ਸੰਗ ਦੋਸਤੀ ਸਾਡੀ

ਅਸੀਂ ਤਾਂ ਗ਼ਮ ਦੇ ਜਾਏ ਹਾਂ ਗ਼ਮਾਂ ਸੰਗ ਦੋਸਤੀ ਸਾਡੀ।
ਕਿਵੇਂ ਫਿਰ ਰਾਸ ਆ ਜਾਂਦੀ ਕਿਸੇ ਨੂੰ ਦਿਲਬਰੀ ਸਾਡੀ।

ਕਿਸੇ ਦੀ ਬੇ-ਵਫਾਈ ਤੇ ਅਸੀਂ ਸ਼ਿਕਵਾ ਵੀ ਕਿਉਂ ਕਰੀਏ,
ਬੜੀ ਹੀ ਬੇਵਫ਼ਾ ਨਿਕਲੀ ਜਦੋਂ ਖ਼ੁਦ ਜ਼ਿੰਦਗੀ ਸਾਡੀ।

ਬਿਗਾਨੇ ਦੀਵਿਆਂ ਦੀ ਲੋ ਨੇ ਸਾਡਾ ਸਾਥ ਕੀ ਦੇਣੈ,
ਜਦੋਂ ਤਕ ਦੂਰ ਸਾਡੇ ਤੋਂ ਹੈ ਖ਼ੁਦ ਹੀ ਰੌਸ਼ਨੀ ਸਾਡੀ।

ਅਸਾਡੇ ਵਰਗਿਆਂ ਦੀ ਜਦ ਤੁਹਾਨੂੰ ਥੁੜ ਨਹੀਂ ਕੋਈ,
ਭਲਾ ਫਿਰ ਲੋੜ ਕੀ ਸਮਝੋ ਤੁਸੀਂ ਨਾਰਾਜ਼ਗੀ ਸਾਡੀ।

ਜਦੋਂ ਅਸਮਾਨ ਤੋਂ ਡਿੱਗੇ ਤਾਂ ਧਰਤੀ ਹੋ ਗਈ ਪੱਥਰ,
ਹਵਾਵਾਂ ਨੇ ਵੀ ਨਾ ਵੇਖੀ ਜ਼ਰਾ ਉਫ਼ ਬੇਬਸੀ ਸਾਡੀ।

ਅਗੇਰੇ ਜਾ ਨਹੀਂ ਸਕਦੇ ਤੇ ਪਿੱਛੇ ਮੁੜ ਨਹੀਂ ਸਕਦੇ,
ਲੈ ਆਈ ਹੈ ਅਜੇਹੇ ਮੋੜ ਤੇ ਦੀਵਾਨਗੀ ਸਾਡੀ।

ਨਾ ਛੇੜੋ ਗੱਲ ਬਹਾਰਾਂ ਦੀ ਮੇਰਾ ਦਿਲ ਹੋਰ ਨਾ ਸਾੜੋ,
ਬਹਾਰਾਂ ਨੇ ਹੀ "ਪਰਦੇਸੀ" ਚੁਰਾਈ ਹਰ ਖ਼ੁਸ਼ੀ ਸਾਡੀ।



# ਰਾਤ ਭਰ

ਯਾਦ ਆਉਂਦੀ ਹੈ ਪੁਰਾਣੀ ਰਾਤ ਭਰ।
ਵਹਿੰਦਾ ਹੈ, ਅੱਖਾਂ 'ਚੋਂ ਪਾਣੀ ਰਾਤ ਭਰ।

ਝੁਕਦੀ ਹੈ ਸੂਰਜ ਦੇ ਅੱਗੇ ਦਿਨ ਚੜ੍ਹੇ,
ਜੋ ਕਹਾਵੇ, "ਰਾਤ ਰਾਣੀ" ਰਾਤ ਭਰ।

ਫਿਰ ਪੁਰਾਣਾ ਦਰਦ ਸੀਨੇ ਜਾਗਿਆ,
ਹੌਕਿਆਂ ਦੀ ਪ੍ਰੀਤ ਮਾਣੀ ਰਾਤ ਭਰ।

ਨੀਂਦ ਦੀ ਥਾਂ ਅੱਖੀਆਂ ਵਿਚ ਰੋੜ ਹਨ,
ਤੜਫ਼ਦੀ ਜਿੰਦੂ ਨਿਮਾਣੀ ਰਾਤ ਭਰ।

ਦਾਸਤਾਂ ਲੰਮੀ ਹੈ "ਪਰਦੇਸੀ" ਤੇਰੀ,
ਕੌਣ ਸੁਣਦਾ ਹੈ ਕਹਾਣੀ, ਰਾਤ ਭਰ।





# ਮੈਂ ਪੰਛੀ ਹਾਂ

ਮੈਂ ਪੰਛੀ ਹਾਂ ਸਿਤਮ ਬੋਟਾਂ ਤੇ ਹੁੰਦੇ ਸਹਿ ਨਹੀਂ ਸਕਦਾ।
ਮੇਰੇ ਹੁਣ ਪੰਜਿਆਂ ਤੋਂ ਬਚ ਕੇ ਜ਼ਾਲਿਮ ਰਹਿ ਨਹੀਂ ਸਕਦਾ।

ਜ਼ਮਾਨਾ ਮਾਰਦਾ ਹੋਵੇ ਜਦੋਂ ਮਨਸੂਰ ਨੂੰ ਪੱਥਰ,
ਮੈਂ ਪੱਥਰ ਬਣ ਨਹੀਂ ਸਕਦਾ ਮੈਂ ਚੁਪ ਵੀ ਰਹਿ ਨਹੀਂ ਸਕਦਾ।

ਜੋ ਅਪਣੀ ਜ਼ਿੰਦਗੀ ਦੇ ਅਰਥ ਤੋਂ ਅਨਜਾਣ ਰਹਿੰਦਾ ਹੈ,
ਅਜੇਹੇ ਆਦਮੀ ਨੂੰ ਆਦਮੀ ਮੈਂ ਕਹਿ ਨਹੀਂ ਸਕਦਾ।

ਮੈਂ ਮਘਦੇ ਕੋਲਿਆਂ ਸੰਗ ਖੇਡ ਕੇ ਬਚਪਨ ਬਿਤਾਇਆ ਹੈ,
ਕਦੀ ਤਪਦੇ ਥਲਾਂ ਤੋਂ ਡਰ ਕੇ ਹਰਗਿਜ਼ ਬਹਿ ਨਹੀਂ ਸਕਦਾ।

ਅਸਰ ਜਿਸ ਤੇ ਨਹੀਂ ਕੋਈ ਹਾਂ ਐਸੀ ਧਾਤ ਦਾ ਬਣਿਆਂ,
ਝੁਲਾਵੇਂ ਲੱਖ ਤੂੰ ਝੱਖੜ ਕਦੀ ਮੈਂ ਢਹਿ ਨਹੀਂ ਸਕਦਾ।

ਮੈਂ ਐਸੀ ਤੀਲ ਬਾਲਾਂਗਾ ਹਨੇਰੇ ਫੂਕ ਦੇਵਾਂਗਾ,
ਪੁਜਾਰੀ ਚਾਨਣੀ ਦਾ ਨ੍ਹੇਰਿਆਂ ਵਿਚ ਰਹਿ ਨਹੀਂ ਸਕਦਾ।

ਜੇ ਤੁਰਿਆ ਹੈ ਇਹ "ਪਰਦੇਸੀ" ਤਾਂ ਅਪਣੇ ਜ਼ੋਰ ਦੇ ਸਦਕੇ,
ਕਿ ਅਟਕਣ ਵਾਸਤੇ ਇਸ ਨੂੰ ਖ਼ੁਦਾ ਵੀ ਕਹਿ ਨਹੀਂ ਸਕਦਾ।



# ਰੌਣਕ

ਲਗਦੀ ਹੈ ਸੁੰਨੀ ਸੁੰਨੀ ਸਾਰੇ ਜਹਾਂ ਦੀ ਰੌਣਕ।
ਜਦ ਵੀ ਹੈ ਯਾਦ ਆਉਂਦੀ ਤੇਰੇ ਗਿਰਾਂ ਦੀ ਰੌਣਕ।

ਖਾਂਦਾ ਹੈ ਕੌਣ ਧੱਕੇ ਅਜ-ਕਲ ਝਨਾਂ ਦੇ ਕੰਢੇ,
ਲਗਦੀ ਹੈ ਸਿਨਮਿਆਂ ਵਿਚ ਹੁਣ ਆਸ਼ਿਕਾਂ ਦੀ ਰੌਣਕ।

ਕਰਨੀ ਹੈ ਐਟਮਾਂ ਨੇ ਧਰਤੀ ਦੀ ਗੋਦ ਸੁੰਨੀ,
ਲੁਟਣੀ ਹੈ ਮਾਲੀਆਂ ਨੇ ਹੁਣ ਗੁਲਿਸਤਾਂ ਦੀ ਰੌਣਕ।

ਉਹ ਮਹਿਫ਼ਿਲਾਂ ਦੀ ਰੌਣਕ ਕਵਿਤਾ ਜੋ ਅਰਥ ਰੱਖੇ,
ਬੇ-ਅਰਥ ਕਵਿਤਾ ਹੁੰਦੀ, ਬਸ ਕਾਗ਼ਜ਼ਾਂ ਦੀ ਰੌਣਕ।

ਮਹਿਕਾਂ ਖਿੰਡਾਉਂਦਾ ਕੋਈ ਏਧਰ ਦੀ ਲੰਘਿਆ ਸੀ,
ਲੱਗੀ ਹੈ ਹੁਣ ਗਲੀ ਵਿਚ, ਕੁਝ ਭਵਰਿਆਂ ਦੀ ਰੌਣਕ।

ਬਹਿ ਕੇ ਉਦਾਸ ਘਰ ਦੇ ਸੁੰਨੇ ਬਨੇਰੇ ਉੱਤੇ,
ਵਿੰਹਦੇ ਹਾਂ ਦੂਰੋਂ ਦੂਰੋਂ, ਦੂਜੇ ਘਰਾਂ ਦੀ ਰੌਣਕ।

"ਪਰਦੇਸੀ" ਰੁੱਤਾਂ ਵਾਂਗੂ ਰਹਿੰਦੇ ਨੇ ਆਉਂਦੇ ਜਾਂਦੇ,
ਘਟਦੀ ਨਹੀਂ ਕਦੇ ਵੀ "ਆਲਮ-ਸਰਾਂ" ਦੀ ਰੌਣਕ।



# ਸਰ-ਫ਼ਰੋਸ਼

ਆਤਿਸ਼ ਦੇ ਸਾਗਰਾਂ ਵਿਚ ਤਰਦੇ ਨੇ ਸਰ-ਫ਼ਰੋਸ਼।
ਜਾਨਾਂ ਵਤਨ ਤੋਂ ਵਾਰਿਆ ਕਰਦੇ ਨੇ ਸਰ-ਫ਼ਰੋਸ਼।

ਕਿਸਮਤ ਬਦਲ ਨੇ ਦਿੰਦੇ ਇਹ ਕੌਮਾਂ ਤੇ ਕਾਮਿਆਂ ਦੀ,
ਤਲੀਆਂ ਤੇ ਕਟ ਕੇ ਸਿਰ ਜਦੋਂ ਧਰਦੇ ਨੇ ਸਰ-ਫ਼ਰੋਸ਼।

ਤੇਗ਼ਾਂ ਦੇ ਨਾਲ ਕਟਦੇ ਨੇ ਇਹ ਮੁਸ਼ਕਿਲਾਂ ਦੇ ਖੰਭ,
ਹਉਕੇ ਕਦੋਂ ਰਣਾਂ ਵਿਚ ਭਰਦੇ ਨੇ ਸਰ-ਫ਼ਰੋਸ਼।

ਤਵੀਆਂ ਤੇ ਤਪਦੇ ਹਨ ਚੜ੍ਹ ਦੇਗ਼ਾਂ 'ਚ ਉਬਲਦੇ,
ਹਸ ਹਸ ਕੇ ਲਾੜੀ ਮੌਤ ਨੂੰ ਵਰਦੇ ਨੇ ਸਰ-ਫ਼ਰੋਸ਼।

ਵਧਦੇ ਅਗਾਹਾਂ ਜਾਣ ਇਹ ਛਾਤੀ ਦੇ ਜ਼ੋਰ ਨਾਲ,
ਤੋਪਾਂ ਤੋਂ ਵੀ ਕਦੋਂ ਫਿਰ ਡਰਦੇ ਨੇ ਸਰ-ਫ਼ਰੋਸ਼।

ਰਬ ਦੀ ਹਯਾਤ ਦੇ ਉਹ ਹੋ ਜਾਂਦੇ ਨੇ ਹਾਣ ਦੇ,
ਖੱਲਾਂ ਲੁਹਾ ਕੇ ਵੀ ਕਦੋਂ ਮਰਦੇ ਨੇ ਸਰ-ਫ਼ਰੋਸ਼।

"ਪਰਦੇਸੀ" ਖ਼ੁਦ ਪ੍ਰਸਤ ਹੀ ਤਾਂ ਰੱਖਣ ਲੁਕਾ ਕੇ ਜਾਨ,
ਧਰਤੀ ਦੀ ਮਾਂਗ ਅੰਤ ਨੂੰ ਭਰਦੇ ਨੇ ਸਰ-ਫ਼ਰੋਸ਼।

# ਬੀਮਾਰ ਉੱਤੋਂ ਉੱਤੋਂ

ਝੂਠਾ ਯਕੀਨ ਦੇ ਕੇ ਨਾ ਸਾਰ ਉੱਤੋਂ ਉੱਤੋਂ।
ਰਾਜ਼ੀ ਹੈ ਹੁਣ ਤਬੀਬਾ, ਬੀਮਾਰ ਉੱਤੋਂ ਉੱਤੋਂ।

ਚਿਹਰੇ ਤੇਰੇ ਤੋਂ ਜਾਪੇ ਤੈਨੂੰ ਮੈਂ ਚੰਗਾ ਲਗਦਾਂ,
ਝਿੜਕਾਂ ਨਾ ਮਾਰ ਐਵੇਂ ਦਿਲਦਾਰ ਉੱਤੋਂ ਉੱਤੋਂ।

ਭੌਰਾਂ ਨੇ ਚੂਸਿਆ ਰਸ ਖਾਰਾਂ ਨੇ ਡੰਗ ਮਾਰੇ,
ਲਗਦੀ ਖਿੜੀ-ਖਿੜੀ ਹੈ ਗੁਲਜ਼ਾਰ ਉੱਤੋਂ ਉੱਤੋਂ।

ਫਿਰ ਜ਼ਹਿਰ ਜ਼ਿੰਦਗੀ ਦਾ ਅੰਮ੍ਰਿਤ ਦੇ ਵਾਂਗ ਲੱਗੂ,
ਕਹਿ ਦੇ ਕਿ "ਮੈਂ ਹਾਂ ਤੇਰਾ" ਇਕ ਵਾਰ ਉੱਤੋਂ ਉੱਤੋਂ।

ਲੋਕਾਂ ਦੀ ਕਰ ਤਸੱਲੀ ਸਜਣਾ ਖੜ੍ਹਾ ਕੀ ਵਿੰਹਨੈ,
ਆ, ਤੂੰ ਵੀ ਮਾਰ ਧੱਕੇ, ਦੋ ਚਾਰ ਉੱਤੋਂ ਉੱਤੋਂ।

ਦੁਸ਼ਮਣ ਤਾਂ ਸੱਚੀ ਸੁੱਚੀ ਕਰਦੇ ਨੇ ਦੁਸ਼ਮਣੀ ਪਰ,
ਕਰਦੇ ਨੇ ਪਿਆਰ ਮੈਨੂੰ ਕੁਝ ਯਾਰ ਉੱਤੋਂ ਉੱਤੋਂ।

ਦਾੜ੍ਹੀ ਵੀ ਹੈ ਮੁਨਾਉਂਦਾ, ਸਿਰ ਵੀ ਮੁਨਾਈ ਰਖਦੈ,
"ਪਰਦੇਸੀ" ਬਣਿਆ ਫਿਰਦੈ "ਸਰਦਾਰ" ਉੱਤੋਂ ਉੱਤੋਂ।



# ਜੋ ਕੁਰਬਾਨੀ ਦੇਵੇ

ਜੋ ਕੁਰਬਾਨੀ ਦੇਵੇ ਸੱਚੇ ਪਿਆਰ ਲਈ।
ਮਿਟ ਸਕਦੇ ਹਾਂ ਆਪਾਂ ਐਸੇ ਯਾਰ ਲਈ।

ਅਰਸ਼ੀਂ ਉੱਡਣ ਨੂੰ ਜਦ ਮੇਰਾ ਦਿਲ ਕੀਤਾ,
ਛੰਡ ਲਏ ਮੈਂ ਖੰਭ ਉਡਾਰੀ ਮਾਰ ਲਈ।

ਲੋਕੀਂ ਭਾਵੇਂ ਫੁੱਲਾਂ ਤੇ ਮਰ ਜਾਂਦੇ ਨੇ,
ਪਰ ਮੈਂ ਮਰਨਾ ਸਿਖਿਆ ਹੈ ਹਰ ਖ਼ਾਰ ਲਈ।

"ਰਾਜ-ਕਵੀ" ਨਾ ਬਣ ਸਕਿਆ ਮੈਂ ਇਸ ਕਰਕੇ,
ਸਿਹਰਾ ਹੀ ਨਾ ਲਿਖ ਸਕਿਆ ਸਰਕਾਰ ਲਈ।

ਮੁੱਲ ਪਸੀਨੇ ਦਾ ਆਪੇ ਦੇ ਦੇਵੋਗੇ,
ਜਦ ਕਾਮੇਂ ਨੇ ਅਪਣੇ ਹੱਥ ਤਲਵਾਰ ਲਈ।

ਸਾਡਾ "ਸਾਈਕਲ ਭੱਤਾ" ਵੀ ਉਸ ਕੱਟ ਲਿਐ,
ਪਰ ਸਾਡੇ ਮਾਲਕ ਨੇ "ਫੀਅਟ-ਕਾਰ" ਲਈ।

ਫੁਟਪਾਥਾਂ ਤੇ ਜੀਵਨ ਪੰਧ ਮੁਕਾ ਤੁਰਿਐ,
ਜੋ "ਪਰਦੇਸੀ" ਹੋਇਆ ਸੀ ਘਰ-ਬਾਰ ਲਈ।

# ਪਰਿੰਦੇ

ਜੇ ਟਾਹਲੀਏ ਸਵੇਰੇ ਉਡ਼ ਜਾਣਗੇ ਪਰਿੰਦੇ।
ਹੋ ਨਾ ਉਦਾਸ ਸ਼ਾਮੀਂ ਪਰਤ ਆਣਗੇ ਪਰਿੰਦੇ।

ਹੁੰਦੇ ਨੇ ਚੁੰਝੋ ਚੁੰਝੀ ਫ਼ਿਰਕੂ ਜਨੂੰਨ ਛਾਇਐ,
ਬਾਜ਼ਾਂ ਨੇ ਜਦ ਦਬੋਚੇ ਪਛਤਾਣਗੇ ਪਰਿੰਦੇ।

ਜੇਕਰ ਰਹੀ ਚਮਨ ਵਿਚ ਦਹਿਸ਼ਤ ਸ਼ਿਕਾਰੀਆਂ ਦੀ,
ਮਿਠੀਆਂ ਸੁਰਾਂ ਤੇ ਨਗ਼ਮੇ ਭੁਲ ਜਾਣਗੇ ਪਰਿੰਦੇ।

ਉੱਚੀ ਹਵਾ 'ਚ ਹਰਗ਼ਿਜ਼ ਜਾਵੀਂ ਨ ਮਨ ਦੇ ਪੰਛੀ,
ਆਕਾਸ਼ ਵਾਲੇ ਤੈਨੂੰ ਭਰਮਾਣਗੇ ਪਰਿੰਦੇ।

ਲੱਖਾਂ ਹਨੇਰੀਆਂ ਤੇ ਝੱਖੜ ਇਨ੍ਹਾਂ 'ਤੇ ਝੁੱਲੇ,
ਸੋਚੋ ਨਾ ਬਿਜਲੀਆਂ ਤੋਂ ਘਬਰਾਣਗੇ ਪਰਿੰਦੇ।

ਸਾਥੋਂ ਨਾ ਡੱਕ ਹੋਇਆ ਦਿਲ ਤਨ ਦੀ ਜੇਲ੍ਹ ਅੰਦਰ,
ਘੁੰਗਟ ਤੇਰੇ 'ਚ ਕਿੱਦਾਂ ਲੁਕ ਜਾਣਗੇ ਪਰਿੰਦੇ

"ਪਰਦੇਸੀ" ਗ਼ਮ ਦੇ ਬਾਗ਼ੀ ਬੈਠੇ ਹਾਂ ਆਸ ਲੈ ਕੇ,
ਇਕ ਦਿਨ ਖੁਸ਼ੀ ਦਾ ਨਗ਼ਮਾ ਇਹ ਗਾਣਗੇ ਪਰਿੰਦੇ।





# ਮਿਲੀ ਜੇ ਨਾ ਸਜ਼ਾ ਹੁੰਦੀ।

ਕਿਤੇ ਤੇਰੀ ਮੁਹੱਬਤ ਦੀ ਮਿਲੀ ਜੇ ਨਾ ਸਜ਼ਾ ਹੁੰਦੀ।
ਨਾ ਹੁੰਦਾ ਦਰਦ ਦਿਲ ਵਿਚ ਨਾ ਲਬਾਂ ਤੇ ਇਲਤਜਾ ਹੁੰਦੀ।

ਸਜ਼ਾ ਨਾ ਭੁਗਤਣੀ ਪੈਂਦੀ ਗੁਨਾਹਾਂ ਤੋਂ ਬਿਨਾਂ ਮੈਨੂੰ,
ਤੁਹਾਡੇ ਵਾਂਗ ਮੇਰੇ ਕੋਲ ਵੀ ਜੇਕਰ ਜਫ਼ਾ ਹੁੰਦੀ।

ਅਸਰ ਰੰਗਾਂ ਦੀ ਸ਼ੋਖੀ ਦਾ ਨਾ ਸਾਡੇ ਤੇ ਕਦੀ ਹੁੰਦਾ,
ਜੇ ਸਾਨੂੰ ਵੀ ਕਿਤੇ ਲੱਗੀ ਜ਼ਮਾਨੇ ਦੀ ਹਵਾ ਹੁੰਦੀ।

ਪਰਾਏ ਬਿਰਖ਼ ਦੀ ਛਾਵੇਂ ਜੇ ਮੈਂ ਕੁਝ ਦਿਨ ਬਿਤਾ ਲੈਂਦਾ,
ਤਾਂ ਬੀਤੀ ਜ਼ਿੰਦਗੀ ਮੇਰੀ ਮੇਰੇ ਉੱਤੇ ਖ਼ਫ਼ਾ ਹੁੰਦੀ।

ਨਿਰਾ ਹੁਣ ਦੋਸ਼ ਅੱਖਾਂ ਨੂੰ ਦਿਲਾ ਦੇਣਾ ਨਹੀਂ ਚੰਗਾ,
ਕਿਵੇਂ ਇਹ ਖਾਂਦੀਆਂ ਧੋਖਾ ਜੇ ਤੇਰੀ ਨਾ ਰਜ਼ਾ ਹੁੰਦੀ।

ਜੇ ਹੁੰਦਾ ਬਾਗ਼ ਤੇ ਪਹਿਰਾ ਕਿਸੇ ਮਾਲੀ ਦਾ "ਪਰਦੇਸੀ",
ਨਾ ਰੁੱਖਾਂ ਤੇ ਸਿਤਮ ਹੁੰਦਾ ਨਾ ਸ਼ਰਮਿੰਦਾ ਹਵਾ ਹੁੰਦੀ।



# ਇਕਰਾਰ ਹੌਲੀ-ਹੌਲੀ।

ਕੀਤੇ ਇਕਾਂਤ ਵਿਚ ਜੋ ਇਕਰਾਰ ਹੌਲੀ-ਹੌਲੀ।
ਚੰਗਾ ਹੈ ਭੁੱਲ ਜਾਈਏ, ਸਰਕਾਰ ਹੌਲੀ-ਹੌਲੀ।

ਕਲੀਆਂ ਦੀ ਵਿੱਕਰੀ ਤੇ ਹੱਸੋ ਤੇ ਖ਼ੂਬ ਹੱਸੋ,
ਰੋਵੋਗੇ ਵਿਕ ਗਈ ਜਦ ਗੁਲਜ਼ਾਰ ਹੌਲੀ ਹੌਲੀ।

ਇਕ ਹੂਰ ਦੇ ਗ਼ਮਾਂ ਦਾ ਉਹ ਚਾਰਾ ਕਰਦਾ-ਕਰਦਾ,
ਖ਼ੁਦ ਹੋ ਗਿਐ ਮਸੀਹਾ ਬੀਮਾਰ ਹੌਲੀ-ਹੌਲੀ।

ਸੌ ਪਰਦਿਆਂ 'ਚ ਭਾਵੇਂ ਕੋਈ ਲੁਕਾ ਕੇ ਰੱਖੇ,
ਬੰਦੇ ਦਾ ਉੱਘੜ ਆਉਂਦੈ ਕਿਰਦਾਰ ਹੌਲੀ-ਹੌਲੀ।

ਉਹ ਗ਼ੈਰ ਨਾਲ ਕਰਦੇ ਹਨ ਹੌਲੀ-ਹੌਲੀ ਗੱਲਾਂ,
ਚਲਦੀ ਹੈ ਮੇਰੇ ਦਿਲ ਤੇ ਤਲਵਾਰ ਹੌਲੀ-ਹੌਲੀ।







ਸੜ ਕੇ ਮਰੀ ਹੈ ਜਿਹੜੀ ਮੇਰੀ ਹੀ ਧੀ ਨਾ ਹੋਵੇ,
ਪੜ੍ਹਦਾ ਹਾਂ ਡਰਦਾ ਡਰਦਾ ਅਖਬਾਰ ਹੌਲੀ ਹੌਲੀ।

ਜਿਸਮਾਂ ਤੋਂ ਕਪੜਾ ਜੇਕਰ ਘਟਦਾ ਰਿਹਾ ਇਵੇਂ ਹੀ,
ਹੋ ਜਾਊ ਅਲਫ਼ ਨੰਗਾ ਸੰਸਾਰ ਹੌਲੀ-ਹੌਲੀ।

ਸਿਵਿਆਂ 'ਚ ਤੈਨੂੰ ਛਡ ਕੇ "ਪਰਦੇਸੀ" ਤੁਰ ਗਏ ਜੋ,
ਆਉਣੇ ਨੇ ਅੰਤ ਏਥੇ ਸਭ ਯਾਰ ਹੌਲੀ ਹੌਲੀ।

# ਪੱਥਰ ਖ਼ੁਦਾ

ਜ਼ਮਾਨਾ ਹੈ ਪੱਥਰ ਤੇ ਪੱਥਰ ਖ਼ੁਦਾ।
ਤੂੰ ਪਥਰਾਂ ਦੇ ਅੱਗੇ ਨਾ ਹੰਝੂ ਵਹਾ।

ਕਦੀ ਦਿਲ ਜਲਾਉਣਾ ਤੇ ਹਸਣਾ ਕਦੀ,
ਮੁਹੱਬਤ ਦਾ ਏਨਾ ਕੁ ਹੈ ਫ਼ਲਸਫ਼ਾ।

ਮੈਂ ਬਦਲਾਂ 'ਚੋਂ ਬਿਜਲੀ ਤਰ੍ਹਾਂ ਚਮਕਿਆ,
ਤੇ ਦਿੱਤੇ ਹਨੇਰੇ ਮੈਂ ਘਰ ਰੌਸ਼ਨਾ।

ਅਸਾਨੂੰ ਭੁਲਾਇਆਂ ਵੀ ਭੁਲਦਾ ਨਹੀਂ,
ਤੁਹਾਨੂੰ ਹੀ ਲਗਦਾ ਹੈ ਸੁਪਨਾ ਜਿਹਾ।

ਹਕੀਕਤ ਤੋਂ ਚੁੱਕੇਗੀ ਪਰਦਾ ਸਵੇਰ,
ਹਨੇਰਾ ਤਾਂ ਲੈਂਦੈ ਬੜਾ ਕੁਝ ਲੁਕਾ।

ਤੂੰ ਹਰ ਪੈਰ ਉੱਤੇ ਨੇ ਖਾਧੇ ਫ਼ਰੇਬ,
ਅਜੇ ਵੀ ਨਹੀਂ ਪਰ ਸਮਝਿਆ ਦਿਲਾ।







ਜੇ ਉਡਦਾ ਹੈਂ, ਉਡ ਜਾਹ ਤੂੰ ਗੋਲੀ ਦੇ ਨਾਲ,
ਨਹੀਂ ਝੁਕਣ ਖ਼ਾਤਿਰ ਤੂੰ ਬਣਿਆ ਸਿਰਾ।

ਵਧੌਂਦਾ ਰਿਹਾ ਮੈਂ ਅਗਾਂਹ ਨੂੰ ਕਦਮ,
ਤੇ ਹਰ ਪੈਰ ਭਾਵੇਂ ਤਿਲ੍ਹਕਦਾ ਰਿਹਾ।

ਸਦਾ ਡੀਕਾਂ ਲਾ ਲਾ ਕੇ ਪੀਂਦਾ ਰਿਹਾ,
ਇਹ ''ਪਰਦੇਸੀ'' ਬਚਪਨ ਤੋਂ ਹਰ-ਹਾਦਿਸਾ।

# ਸੁਪਨਾ ਝੁਲਸ ਗਿਆ

ਲੰਘਣ ਨੂੰ ਤਾਂ ਲੰਘ ਹੀ ਜਾਂਦੇ ਅਗਨੀ ਦਾ ਦਰਿਆ।
ਪਰ ਕੰਢੇ ਤੇ ਖੜ੍ਹਿਆਂ ਦਾ ਹੀ ਸੁਪਨਾ ਝੁਲਸ ਗਿਆ।

ਜਮਨਾ ਤੋਂ ਰਾਵੀ ਤਕ ਹੋਏ ਪਾਣੀ ਪਾਣੀ ਲੋਕ,
ਸੋਚਣ, ਮਾਨਵਤਾ ਦਾ ਟੱਬਰ ਕਿੱਥੇ ਡੁੱਬ ਗਿਆ।

ਦਿਲ ਪੱਥਰ ਕਰਕੇ ਜੀਵੇਗਾ ਐਸੀ ਰੁੱਤੇ ਕੌਣ,
ਇਸ ਕਰਕੇ ਸਾਰੇ ਦਾ ਸਾਰਾ ਮੈਂ ਪੱਥਰ ਹੋਇਆ।

ਆਲ੍ਹਣਿਆਂ ਚੋਂ ਫੜ ਕੇ ਜਦ ਪੁੱਠੇ ਲਟਕਾਏ ਬੋਟ,
ਤੂੰ ਕੀ ਜਾਣੇਂ ਮੇਰੇ ਅੰਦਰੋਂ ਕੀ ਕੁਝ ਬਿਖ਼ਰ ਗਿਆ।

ਤੜਕੇ ਤੋਂ ਆਥਣ ਤਕ ਸੁਣਦਾਂ ਸੋਗੀ ਸੋਗੀ ਗੀਤ,
ਮੇਰੇ ਨਗਰੋਂ ਹਾਸਾ ਖ਼ਬਰੇ ਕਿੱਥੇ ਉੱਡ ਗਿਆ।

ਉਹ ਵੀ ਦਿਨ ਸਨ, ਸਾਡੇ ਸਿਰ ਤੇ ਸੀ ਸਤਰੰਗੀ ਪੀਂਘ,
ਇਹ ਵੀ ਦਿਨ ਹਨ 'ਕਾਲਾ ਸਾਇਆ' ਸਿਰ ਤੇ ਹੈ ਟਿਕਿਆ।

ਕਦ ''ਪਰਦੇਸੀ'' ਅਪਣੇ ਦਿਲ ਦੀ ਬਾਤ ਕਰੇਂਗਾ ਤੂੰ,
ਕਿਹੜੀ ਗੱਲੋਂ ਰਹਿਨੈਂ ਤੂੰ ਹਰ ਪਲ ਬੁਝਿਆ ਬੁਝਿਆ।





# ਹਉਕਿਆਂ ਦੀ ਜੂਨ

ਅਸੀਂ ਤਾਂ ਜੀ ਰਹੇ ਹਾਂ ਸ਼ਾਮ ਰੰਗੇ ਹਉਕਿਆਂ ਦੀ ਜੂਨ।
ਮੁਬਾਰਕ ਹੈ ਤੁਹਾਨੂੰ ਦੁੱਧ ਚਿੱਟੇ ਹਾਸਿਆਂ ਦੀ ਜੂਨ।

ਤੁਸੀਂ ਰੰਗਾਂ ਦੇ ਕਾਤਿਲ ਹੋ ਕੇ ਵੀ ਰੰਗਾਂ 'ਚ ਰਹਿੰਦੇ ਹੋ,
ਮਗਰ ਵਰਤਾ ਰਹੇ ਹੋ ਤਿਤਲੀਆਂ ਨੂੰ ਕਾਲਖ਼ਾਂ ਦੀ ਜੂਨ।

ਕਦੀ ਕਲੀਆਂ, ਕਦੀ ਗੇਂਦੇ, ਕਦੀ ਬੈਠਣ ਗੁਲਾਬਾਂ ਕੋਲ,
ਇਹ ਭੰਵਰੇ ਵੀ ਹੰਢਾਉਂਦੇ ਨੇ ਹਮੇਸ਼ਾਂ ਮੁਖਬਰਾਂ ਦੀ ਜੂਨ।

ਗਲੀ ਦੇ ਕੂਕਰਾਂ ਨੂੰ ਫੜ੍ਹ ਕੇ ਖੰਭਿਆਂ ਨਾਲ ਲਟਕਾਈਏ
ਚਲੋ ਕੁਝ ਪਲ ਹੰਢਾ ਕੇ ਵੇਖ ਲਈਏ ਹਾਕਿਮਾਂ ਦੀ ਜੂਨ।

ਕਿਸੇ ਜੰਗਲ 'ਚ ਉੱਗੇ ਘਾਹ 'ਚ ਖਿਲਰੇ ਮਣਕਿਆਂ ਵਰਗੀ,
ਮੇਰੇ ਪੰਜਾਬ ਦੇ ਵਿਚ ਹੈ ਉਦਾਸੇ ਚੋਬਰਾਂ ਦੀ ਜੂਨ।

ਕਦੀ ਖਿੜ-ਖਿੜ ਕੇ ਹਸਦਾ ਹੈ, ਕਦੀ ਫੁੱਟ-ਫੁੱਟ ਕੇ ਰੋਂਦਾ ਹੈ,
ਇਹ ਮੇਰਾ ਸ਼ਹਿਰ ਅੱਜ-ਕੱਲ੍ਹ ਜੀ ਰਿਹਾ ਹੈ ਪਾਗਲਾਂ ਦੀ ਜੂਨ।

ਨਾ ਏਨੀ ਦੂਰ ਤੱਕ ਜਾਈਏ ਕਿ ਜਿੱਥੋਂ ਪਰਤ ਨਾ ਸਕੀਏ,
ਕਿਤੇ ''ਪਰਦੇਸੀ'' ਬਣ ਕੇ ਲੈ ਨਾ ਬਹੀਏ ਸੁਪਨਿਆਂ ਦੀ ਜੂਨ।

# ਕਾਸ਼ ਪਹਿਲਾਂ 'ਹੀ

ਕਾਸ਼! ਪਹਿਲਾਂ ਹੀ ਅਸੀਂ ਇਹ ਜਾਣਦੇ।
ਹੁਸਨ ਦੇ ਨਵ੍ਹੀਂ ਹੋ ਸਕਾਂਗੇ ਹਾਣ ਦੇ।

ਬਣ ਗਏ ਆਖ਼ਿਰ ਅਸੀਂ ਰਾਹਾਂ ਦੀ ਧੂੜ,
ਤੇਰੀਆਂ ਗਲੀਆਂ ਦਾ ਰੇਤਾ ਛਾਣ ਦੇ।

ਕਾਸ਼! ਤੇਰੇ ਸ਼ਹਿਰ ਦੀ ਇਸ ਭੀੜ ਚੋਂ,
ਆਪਣਾ ਬੇ-ਗਾਨੜਾ ਪਹਿਚਾਣਦੇ।

ਹਰ ਖ਼ੁਸ਼ੀ ਤੈਨੂੰ ਮੁਬਾਰਕ ਮਹਿਰਮਾ,
ਗ਼ਮ ਲਏ ਮੈਂ ਭਾਲ ਅਪਣੇ ਹਾਣ ਦੇ।

ਦਰਦ ਜਿਹੜੇ ਬੇ-ਘਰੇ ਹਨ ਹੋ ਗਏ,
ਆਣ ਦੇ ਮੇਰੇ ਬਰੂਹੀਂ ਆਣ ਦੇ।

ਜੁਲਮ ਅੱਗੇ ਤਾਣਦੇ ਉਹ ਛਾਤੀਆਂ
ਆਦਮੀ ਜੋ ਮਰ ਮਿਟਣ ਨੇ ਜਾਣਦੇ।







ਜ਼ਿੰਦਗੀ ਭਾਵੇਂ ਹੈ ਇਕ ਕਰੜੀ ਸਜ਼ਾ
ਜ਼ਿੰਦਗੀ ਫਿਰ ਵੀ ਅਸੀਂ ਹਾਂ ਮਾਣਦੇ।

ਮਾਰਦੇ ਪੱਥਰ ਹੋ ਉਸ ਨੂੰ ਜ਼ਾਲਮੋ
ਫਲ ਬੜੇ ਮਿੱਠੇ ਨੇ ਜਿਹੜੀ ਟ੍ਹਾਣ ਦੇ।

ਹੋ ਗਿਆ "ਪਰਦੇਸੀ" ਆਦੀ ਪੀਣ ਦਾ,
ਵੈਲ ਜਦ ਤੋਂ ਲਾ ਲਏ ਗ਼ਮ ਖਾਣ ਦੇ।

# ਗੀਤ ਲਿਖ਼

ਜੇ ਲਿਖੇਂ ਤਾਂ ਯੋਧਿਆਂ ਦੇ ਗੀਤ ਲਿਖ।
ਕਤਲ ਹੁੰਦੀਆਂ ਧੜਕਣਾਂ ਦੇ ਗੀਤ ਲਿਖ।

ਗਰਮੀਆਂ ਤਾਂ ਫੂਕਣਾ ਹੈ ਤਨ ਬਦਨ,
ਧੁੰਦ ਭਿੱਜੀਆਂ ਸਰਦੀਆਂ ਦੇ ਗੀਤ ਲਿਖ।

ਰੋਜ਼ ਜੋ ਪੱਛਮ ’ਚ ਜਾ ਕੇ ਡੁੱਬ ਜਾਣ
ਨਾ ਅਜੇਹੇ ਸੂਰਜਾਂ ਦੇ ਗੀਤ ਲਿਖ।

ਹੁਸਨ ਦੀ ਪੂਜਾ ਦੀ ਵੀ ਲਿਖ ਆਰਤੀ,
ਇਸ਼ਕ ਵਿਚ ਵੀ ਫ਼ਾਕਿਆਂ ਦੇ ਗੀਤ ਲਿਖ।

ਜੋ ਕਦੀ ਕੀਤੇ ਸੀ ਸਾਡੇ ਨਾਲ ਉਸ,
ਕਾਗ਼ਜੀ ਉਹ ਵਾਅਦਿਆਂ ਦੇ ਗੀਤ ਲਿਖ।

ਬਾਗ ਸਾਰਾ ਠੂੰਗ ਕੇ ਜੋ ਉੜ ਗਏ,
ਚਲ ਅਜੇਹੇ ਤੋਤਿਆਂ ਦੇ ਗੀਤ ਲਿਖ।








ਮਰਸੀਏ ਵੀ ਲਿਖਣੇ ਪੈਂਦੇ ਨੇ ਜ਼ਰੂਰ,
ਪਰ ਕਦੀਂ ਤਾਂ ਹਾਸਿਆਂ ਦੇ ਗੀਤ ਲਿਖ।

ਪੂਰ ਨੂੰ ਤੂਫ਼ਾਨ ਚੋਂ ਜਿਸ ਕੱਢਿਆ,
ਉਸ ਬਹਾਦਰ ਨਾ-ਖ਼ੁਦਾ ਦੇ ਗੀਤ ਲਿਖ।

ਦਰਦ “ਪਰਦੇਸੀ” ਨੂੰ ਦੇ ਕੇ ਉਮਰ ਦਾ,
ਆਖਦੇ ਹੋ ਨਾ ਗ਼ਮਾਂ ਦੇ ਗੀਤ ਲਿਖ।

# ਆਣਾ ਸੀ ਕਦੇ

ਜ਼ਿੰਦਗੀ ਵਿਚ ਇਸ ਤਰ੍ਹਾਂ ਦਾ ਮੋੜ ਆਣਾ ਸੀ ਕਦੇ।
ਸੁਪਨਿਆਂ ਪਲਕਾਂ ਦੇ ਦਰ ਤੋਂ ਪਰਤ ਜਾਣਾ ਸੀ ਕਦੇ।

ਤੇਰਿਆਂ ਬੋਲਾਂ ਚੋਂ ਆਉਂਦੀ ਮਹਿਕ ਦਾ ਹੀ ਸੀ ਅਸਰ,
ਜ਼ਿੰਦਗੀ ਨੇ ਲਾਰਿਆਂ ਸੰਗ ਵਰਚ ਜਾਣਾ ਸੀ ਕਦੇ।

ਜੋ ਕਦੀ ਮੁਰਗਾਬੀਆਂ ਬਣ ਕੇ ਸੀ ਤਰਦੇ ਜ਼ਿਹਨ ਵਿਚ,
ਤੇਰਿਆਂ ਹੀ ਹਾਸਿਆਂ ਨੇ ਦਿਲ ਜਲਾਣਾ ਸੀ ਕਦੇ।

ਇਹ ਜੋ ਹੁਣ ਵੀਰਾਨ ਹੈ, ਸੁੰਨਸਾਨ ਹੈ, ਸ਼ਮਸ਼ਾਨ ਹੈ,
ਬੁਲਬੁਲਾਂ ਦਾ ਇਸ ਜਗ੍ਹਾ ਹੁੰਦਾ ਟਿਕਾਣਾ ਸੀ ਕਦੇ।

ਜਿਸ ਨਗਰ ਵਿਚ ਉਸ ਤਰ੍ਹਾਂ ਹੱਸਣ ਦੀ ਖਾਧੀ ਸੀ ਕਸਮ,
ਉਸ ਨਗਰ ਵਿਚ ਇਸ ਤਰ੍ਹਾਂ ਹੱਸਣਾ ਹਸਾਣਾ ਸੀ ਕਦੇ।

ਚਾਨਣੀ ਦੇ ਛੰਨੇ ਭਰ-ਭਰ ਕੇ ਉਤਾਰੇ ਜੇਸ ਨੇ,
ਉਸ ਗਲੇ ਨੇ ਨੇਰ੍ਹਿਆਂ ਨੂੰ ਵੀ ਲੰਘਾਣਾ ਸੀ ਕਦੇ।

ਵੇਖ "ਪਰਦੇਸੀ" ਅਸੀਂ ਅਗਨੀ ਦਾ ਝੂਲਾ ਝੂਲ ਕੇ,
ਪੀਂਘ ਸਤੰਰਗੀ ਨੂੰ ਏਦਾਂ ਵੀ ਮਨਾਣਾ ਸੀ ਕਦੇ।



# ਮੜ੍ਹ ਦਿੱਤਾ ਇਲਜ਼ਾਮ

ਮਹਿਕਾਂ ਵਿਚ ਘੁਲ ਮਿਲ ਜਾਣੋਂ ਉਹ ਜਦ ਹੋਏ ਨਾਕਾਮ।
ਫੁੱਲਾਂ ਦੇ ਸਿਰ ਖ਼ੁਦਗ਼ਰਜੀ ਦਾ ਮੜ੍ਹ ਦਿੱਤਾ ਇਲਜ਼ਾਮ।

ਕੁਝ ਯਾਦਾਂ, ਕੁਝ ਧੁਖਦੇ ਹਉਕੇ, ਤੇ ਕੁਝ ਜ਼ਖ਼ਮੀ ਹਾਸੇ,
ਅੱਖੀਆਂ ਮੂਹਰੇ ਹੋਠਾਂ ਉੱਤੇ ਧਰ ਜਾਂਦੀ ਹੈ ਸ਼ਾਮ।

ਤੁਰਦਾ ਫਿਰਦਾ ਜੰਗਲ ਹਾਂ ਜਿਸ ਵਿਚ ਪਤਝੜ ਦਾ ਡੇਰਾ,
ਇਕ ਨਗਰੀ ਦੇ ਬਾਗ਼ 'ਚ ਕੁਝ ਪਲ ਕੀਤਾ ਸੀ ਆਰਾਮ।

ਨਫ਼ਰਤ ਹੀ ਨਫ਼ਰਤ ਹੈ ਸਾਡੇ ਸਿਰ ਤੋਂ ਪੈਰਾਂ ਤੀਕ,
ਰੱਖਣ ਨੂੰ ਹੈ ਰੱਖਿਆ ਆਪਾਂ ਅਪਣਾ ਉਲਫ਼ਤ ਨਾਮ।

ਪੰਛੀ ਨੂੰ ਅਸਮਾਨੀਂ ਉੱਡਦੇ ਤੱਕ ਕੇ ਝੂਰ ਰਹੇ ਹਾਂ,
ਆਪਾਂ ਤੇ ਅਪਣੇ ਖੰਭਾਂ ਦੇ ਵੱਟ ਚੁੱਕੇ ਹਾਂ ਦਾਮ।

ਜ਼ਖਮੀ ਜ਼ਖਮੀ ਹੋ ਕੇ ਮੁੜਿਆ ਵੇਖ ਲਵੋ ਰਾਜਿੰਦਰ,
ਕੰਡਿਆਂ ਨੂੰ ਇਹ ਦੇਣ ਗਿਆ ਸੀ ਮਹਿਕਾਂ ਦਾ ਪੈਗ਼ਾਮ।

ਇਹ ਤਾਂ ਬੱਸ ਇਕ ਨਉਂ ਦਾ ਘਰ ਹੈ, ਏਥੋਂ ਕਿੱਥੇ ਲੱਭਣੈ,
'ਪਰਦੇਸੀ' ਦਾ ਹੁੰਦੈ ਅਕਸਰ ਸੜਕਾਂ ਤੇ ਵਿਸ਼ਰਾਮ।

# ਦਰਿਆਵਾਂ ਨਾਲ

ਜਦ ਤੋਂ ਯਾਰੀ ਲਾਈ ਹੈ ਦਰਿਆਵਾਂ ਨਾਲ।
ਵਾਹ ਪੈਂਦਾ ਰਹਿੰਦਾ ਹੈ ਰੋਜ਼ ਬਲਾਵਾਂ ਨਾਲ।

ਗ਼ੈਰਾਂ ਨੂੰ ਤਾਂ ਛੱਡੋ ਜਿਹੜਾ ਅਪਣਾ ਹੈ,
ਨੇੜੇ ਵਿਚ ਕਦ ਰਹਿੰਦਾ ਹੈ ਪਰਛਾਵਾਂ ਨਾਲ।

ਉਹ ਦਿਨ ਮੈਨੂੰ ਯਾਦ ਜਦੋਂ ਆ ਜਾਂਦਾ ਏ,
ਪੁੱਛੋ ਨਾ ਕੀ ਬੀਤੇ ਮੇਰੇ ਸਾਹਵਾਂ ਨਾਲ।

ਵੇਖੋ ਇਹ ਰੁੱਖਾਂ ਦੇ ਕੇਹੇ ਵੈਰੀ ਨੇ,
ਰਿਸ਼ਤਾ ਵੀ ਰੱਖਦੇ ਨੇ ਜਿਹੜੇ ਛਾਂਵਾਂ ਨਾਲ।

ਚੁੱਲ੍ਹਾ ਗਰਮ ਕਰੇ ਬਿਨ ਹੀ ਸੌਂ ਜਾਂਦੇ ਹਾਂ,
ਬਾਜ਼ਾਰੋਂ ਜਦ ਰਜ ਕੇ ਆਈਏ "ਭਾਵਾਂ" ਨਾਲ।

ਅਪਣੀ ਹਸਤੀ ਆਪ ਗਵਾ ਕੇ ਝੂਰਨਗੇ,
ਹੰਸਾਂ ਨੇ ਲਾਈ ਹੈ ਯਾਰੀ ਕਾਵਾਂ ਨਾਲ।







ਅਪਣੇ ਜਜ਼ਬੇ ਦਫ਼ਨਾ ਕੇ ਤੁਰ ਚੱਲੇ ਹਾਂ,
ਸ਼ਹਿਰ ਤੇਰੇ ਆਏ ਸਾਂ ਲੱਖਾਂ ਚਾਵਾਂ ਨਾਲ।

ਤੁਰਨੋਂ ਪਹਿਲਾਂ ਮੈਂ ਤੈਨੂੰ ਦਸ ਦਿੱਤਾ ਸੀ,
ਮੇਰਾ ਰਿਸ਼ਤਾ ਹੈ ਤਪਦੇ ਸਹਿਰਾਵਾਂ ਨਾਲ।

ਗ਼ਰਜ਼ਾਂ ਦਾ ਕੈਦੀ ਹੋਇਆ ਹੈ "ਪਰਦੇਸੀ"
ਬੱਝ ਗਿਐ ਜਿਸ ਦਿਨ ਦਾ ਚਾਰ ਕੁ ਲਾਵਾਂ ਨਾਲ।

# ਤੇਰੇ ਤੁਰ ਜਾਣ ਤੋਂ ਪਹਿਲਾਂ

ਮੈਂ ਏਥੋਂ ਤੁਰ ਗਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ।
ਮੈਂ ਮਹੁਰਾ ਖਾ ਲਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ।

ਤੂੰ ਸਾਡੀ ਰੌਸ਼ਨੀ ਲੈ ਕੇ ਨਾ ਹੁੰਦਾ ਦੂਰ ਸਾਡੇ ਤੋਂ,
ਇਹ ਦੀਵਾ ਬੁਝ ਗਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ।

ਅਸੀਂ ਸਹਿਰਾ 'ਚ ਰੋ-ਰੋ ਕੇ ਨਾ ਤੇਰੀ ਭਾਲ ਹੁਣ ਕਰਦੇ,
ਜੇ ਤੈਨੂੰ ਰੋਕਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ।

ਇਹ ਕਿਸ ਨੂੰ ਸੀ ਯਕੀਨ ਏਨਾ ਕਿ ਆਪਾ ਵੀ ਨਹੀਂ ਲਭਣਾ,
ਮੈਂ ਖ਼ੁਦ ਨੂੰ ਸਾਂਭਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ।

ਖ਼ਬਰ ਕੀ ਸੀ ਕਿ ਸਾਰੀ ਉਮਰ ਫਿਰ ਨੀਂਦਰ ਨਹੀਂ ਆਉਣੀ,
ਮੈਂ ਰਜ ਕੇ ਸੌਂ ਲਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ।

ਮੈਂ ਦੁਨੀਆਂ ਚੋਂ ਚਲੇ ਜਾਣੈਂ, ਤੇਰੇ ਤੁਰ ਜਾਣ ਦੇ ਪਿੱਛੋਂ,
ਤੂੰ ਮੈਨੂੰ ਦੱਸਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ।

ਪਤਾ ਹੁੰਦਾ ਜੇ "ਪਰਦੇਸੀ" ਨਾ ਆਵੇਂਗਾ ਕਦੀ ਮੁੜ ਕੇ,
ਮੈਂ ਰਜ ਰਜ ਮਾਣਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ।





# ਖ਼ੁਦਾ ਹਾਫ਼ਿਜ਼

ਮੇਰਾ ਦਿਲ ਤੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼।
ਗ਼ਮਾਂ ਸੰਗ ਜੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼।

ਅਸਾਡੀ ਪ੍ਰੀਤ ਦੀ ਦੁਨੀਆਂ, ਅਸਾਡੇ ਪਿਆਰ ਦੇ ਮੋਤੀ,
ਝਨਾ ਵਿਚ ਰੋੜ੍ਹ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼।

ਅਸੀਂ ਖ਼ਾਰਾਂ ਤੇ ਤੁਰ-ਤੁਰ ਕੇ ਤੁਹਾਡੇ ਕੋਲ ਪਹੁੰਚੇ ਸੀ,
ਤੁਸੀਂ ਮੁਖ ਮੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼।

ਅਸੀਂ ਇਸ ਪਿਆਰ ਦੇ ਫੁਲ ਨੂੰ ਬਹੁਤ ਹੀ ਪਿਆਰ ਕੇ ਰੱਖਿਆ,
ਤੁਸੀਂ ਮਚਕੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼।

ਮੁਹੱਬਤ ਦੀ ਕਸਮ ਖਾਧੀ ਤੁਰਾਂਗੇ ਉਮਰ ਭਰ ਕੱਠੇ,
ਮਗਰ ਹੁਣ ਛੋੜ ਚੱਲੇ ਹੋ ਚਲੋ ਅੱਛਾ ਖ਼ੁਦਾ ਹਾਫ਼ਿਜ਼।

ਕਿਨਾਰੇ ਨਹਿਰ ਦੇ ਬਹਿ ਕੇ, ਜੋ ਚੁਲੀਆਂ ਭਰ ਕੇ ਕੀਤੇ ਸੀ,
ਉਹ ਵਾਅਦੇ ਤੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼।

ਨਾ ਸਾਡੇ ਦਿਲ ਚੋਂ ਨਿਕਲੇਗਾ ਜੋ ਜੀਵਨ ਭਰ ਹੀ "ਪਰਦੇਸੀ"
ਉਹ ਕੰਡਾ ਪੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ ਹਾਫ਼ਿਜ਼।



# ਇਹ ਤੈਨੂੰ ਮਿੱਠੀਆਂ ਲੱਗਣ

ਇਹ ਤੈਨੂੰ ਮਿੱਠੀਆਂ ਲੱਗਣ ਇਹ ਲੱਗਣ ਕੌੜੀਆਂ ਤੈਨੂੰ।
ਯਕੀਨਨ ਗਰਮ ਨੇ ਇੰਨੀਆਂ ਨਹੀਂ ਇਹ ਪਚਣੀਆਂ ਤੈਨੂੰ।

ਮੈਂ ਭਾਵੇਂ ਕੰਨ ਵਿਚ ਆਖਾਂ ਜਾਂ ਉੱਚੀ ਬੋਲ ਕੇ ਦੱਸਾਂ
ਬਹੁਤ ਹੀ ਸੁਣਨ ਕਾਬਿਲ ਨੇ ਨਹੀਂ ਹੁਣ ਸੁਣਨੀਆਂ ਤੈਨੂੰ।

ਇਹ ਰੇਗਿਸਤਾਨ ਦਾ ਪੈਂਡੈ ਦੁਪਿਹਰੇ ਤੁਰਨ ਲੱਗਾ ਏਂ,
ਮੁਆਫ਼ਿਕ ਅਉਣ ਨਈਂ ਲਗੀਆਂ ਹਵਾਵਾਂ ਭਖ਼ਦੀਆਂ ਤੈਨੂੰ।

ਉਦੋਂ ਹੀ ਜ਼ਿੰਦਗੀ ਦੇ ਰੋਣ ਦਾ ਆਗਾਜ਼ ਤੂੰ ਸਮਝੀਂ
ਮਿਲਣ ਜਦ ਸੁਪਨਿਆਂ ਅੰਦਰ ਬਲਾਵਾਂ ਹਸਦੀਆਂ ਤੈਨੂੰ।

ਪਹਾੜੀ ਰਸਤਿਆਂ ਦੇ ਮੌਸਮਾਂ ਦੀ ਇਹ ਹਕੀਕਤ ਹੈ,
ਭਿਓਂ ਕੇ ਪਾਉਂਦੀਐਂ ਛਾਲੇ ਦਿਸਣ ਜੋ ਵਰ੍ਹਦੀਆਂ ਤੈਨੂੰ।







ਸਰਾਪੇ ਸੂਰਜਾਂ ਦੇ ਇਸ਼ਕ ਦੀਆਂ ਯਾਦਗਾਰਾਂ ਨੇ,
ਜੋ ਦਿਸੀਐਂ ਸਾਡੇ ਦਿਲ ਦੇ ਵਿਹੜੇ ਕਬਰਾਂ ਲਿਸ਼ਕੀਆਂ ਤੈਨੂੰ

ਇਨ੍ਹਾਂ ਦੇ ਸ਼ੌਕ ਬਿਰਖਾਂ ਤੇ ਇਨ੍ਹਾਂ ਦੇ ਘਰ ਵੀ ਬਿਰਖਾਂ ਤੇ,
ਇਹ ਨੀਲੇ ਅੰਬਰੀਂ ਚਿੜੀਆਂ ਜੋ ਦਿੱਸਣ ਉੱਡਦੀਆਂ ਤੈਨੂੰ।

ਜੇ ਕਰਨੈ ਰਾਜ ਮੌਸਮ ਤੇ ਤਾਂ ਗਲ ਇਕ ਰਾਜ਼ ਦੀ ਸੁਣ ਲੈ,
ਨਾ ਚੰਗੀਆਂ ਗਰਮੀਆਂ ਤੈਨੂੰ ਨਾ ਚੰਗੀਆਂ ਸਰਦੀਆਂ ਤੈਨੂੰ।

ਤੇਰੀ ਸਰਕਾਰੇ ਦਰਬਾਰੇ ਹੈ ਤੂਤੀ ਬੋਲਦੀ ਲਗਦੀ
ਨਹੀਂ ਐਵੇਂ ਹੀ ''ਪਰਦੇਸੀ'' ਇਹ ਗੱਲਾਂ ਫੁਰਦੀਆਂ ਤੈਨੂੰ

# ਦਿਆਂਗਾ ਹਰ ਨਗਰ ਹੋਕਾ

ਦਿਆਂਗਾ ਹਰ ਨਗਰ ਹੋਕਾ ਮੁਹੱਬਤ ਨਾ ਕਰੇ ਕੋਈ।
ਕਿਸੇ ਤੇ ਜਿੰਦ ਨਾ ਵਾਰੇ ਕਿਸੇ ਤੇ ਨਾ ਮਰੇ ਕੋਈ।

ਮੈਂ ਅਪਣੇ ਹਾਸਿਆਂ ਉਹਲੇ ਬੜੇ ਹਉਕੇ ਲੁਕਾਏ ਨੇ,
ਕਲੇਜਾ ਮੂੰਹ ਨੂੰ ਆਉਂਦਾ ਏ ਜਦੋਂ ਹਉਕਾ ਭਰੇ ਕੋਈ।

ਮੁਹੱਬਤ ਕਰਕੇ ਭੁਲ ਜਾਣਾ ਕੋਈ ਸੌਖਾ ਨਹੀਂ ਹੁੰਦਾ,
ਤੇ ਸਾਰੀ ਜ਼ਿੰਦਗੀ ਦਿਲ ਤੇ ਕਿਵੇਂ ਪੱਥਰ ਧਰੇ ਕੋਈ।

ਬੜੀ ਹੀ ਯਾਦ ਆਉਂਦੀ ਹੈ ਉਦੋਂ ਉਸ ਫੁੱਲ ਦੀ ਮੈਨੂੰ,
ਜਦੋਂ ਅੰਗਿਆਰ ਬਣ ਬਣ ਕੇ ਮੇਰੇ ਦਿਲ ਤੇ ਵਰ੍ਹੇ ਕੋਈ।

ਮੁਹੱਬਤ ਕਰਨ ਵਾਲੇ ਨੂੰ ਕਦੋਂ ਮਿਲਦੀ ਹੈ ਆਜ਼ਾਦੀ,
ਬਿਤਾਵੇ ਜ਼ਿੰਦਗੀ ਕੈਦੀ ਜਹੀ ਅਪਣੇ ਘਰੇ ਕੋਈ।

ਅਸਾਨੂੰ ਸਾਰੀਆਂ ਰੁੱਤਾਂ ਹੀ, ਕੱਕਰ ਤੇ ਖਿਜ਼ਾਵਾਂ, ਹੁਣ,
ਘੜੀ ਦੇ ਸੇਕ ਦੇ ਬਦਲੇ ਨਾ ਜੀਵਨ ਭਰ ਠਰੇ ਕੋਈ।

ਪਰਾਈ ਅੱਗ ਤੋਂ "ਪਰਦੇਸੀ" ਬੜੇ ਛਾਲੇ ਸਹੇੜੇ ਮੈਂ,
ਕਿਸੇ ਦੀ ਅਗ ਨੂੰ ਅਪਣਾ ਕੇ ਤਸੀਹੇ ਨਾ ਜਰੇ ਕੋਈ।





# ਦਿਲ ਦੀ ਗਲ ਮਨਵਾ ਰਹੀ

ਦਿਲ ਦੀ ਗਲ ਮਨਵਾ ਰਹੀ ਹੈ ਜ਼ਿੰਦਗੀ।
ਵਕ਼ਤ ਕਿੰਨਾ ਪਾ ਰਹੀ ਹੈ ਜ਼ਿੰਦਗੀ।

ਤੇਰੇ ਘਰ ਤੋਂ ਦੂਰ ਹੁੰਦਾ ਜਾ ਰਿਹਾਂ,
ਦੂਰ ਹੁੰਦੀ ਜਾ ਰਹੀ ਹੈ ਜ਼ਿੰਦਗੀ।

ਕੰਡਿਆਂ ਦੇ ਨਾਲ ਕਰਕੇ ਦੋਸਤੀ,
ਜ਼ਖਮ ਹਰ ਪਲ ਖਾ ਰਹੀ ਹੈ ਜ਼ਿੰਦਗੀ।

ਹੁਣ ਤੇਰੀ ਵੀਹੀ 'ਚੋਂ ਲੰਘਣ ਵਾਸਤੇ,
ਮੌਤ ਨੂੰ ਗਲ ਲਾ ਰਹੀ ਹੈ ਜ਼ਿੰਦਗੀ।

ਵਾ-ਵਰੋਲੇ ਵਾਂਗ ਭਟਕੇ ਥਾਂ-ਕੁਥਾਂ,
ਸਿਰ 'ਚ ਘੱਟਾ ਪਾ ਰਹੀ ਹੈ ਜ਼ਿੰਦਗੀ।

ਠੰਢੀਆਂ ਪੌਣਾਂ ਨੇ ਜਦ ਤੋਂ ਡੰਗਿਐ,
ਅੱਗ ਨਿਗਲੀ ਜਾ ਰਹੀ ਹੈ ਜ਼ਿੰਦਗੀ।

ਖ਼ੁਦ ਹੀ "ਪਰਦੇਸੀ" ਦੀ ਅਪਣੇ ਸੇਕ ਨਾਲ,
ਕਾਲੀ ਹੁੰਦੀ ਜਾ ਰਹੀ ਹੈ ਜ਼ਿੰਦਗੀ।



# ਦਰਦਾਂ ਦੇ ਸੁਲਤਾਨ

ਹਾਦਸਿਆਂ ਦੀ ਭੀੜ ਸੀ ਇਕ ਇਕੱਲੀ ਜਾਨ।
ਵਿੰਹਦੇ-ਵਿੰਹਦੇ ਬਣ ਗਏ ਦਰਦਾਂ ਦੇ ਸੁਲਤਾਨ।

ਪੰਛੀ ਆਏ ਉੜ ਗਏ ਚੁਗ-ਚੁਗ ਅਪਣਾ ਚੋਗ,
ਸੁੰਨਮਸੁੰਨੀ ਰੂਹ ਫਿਰ, ਫਿਰ ਜਿੰਦ ਬੀਆਬਾਨ।

ਕਾਲੇ ਬੱਦਲ ਫੇਰ ਅੱਜ ਘੇਰ ਲਿਆਈ ਪੌਣ,
ਤੇਰੇ ਚਿਹਰੇ ਵਾਂਗ ਹੀ ਛੁੱਪ ਗਿਆ ਅਸਮਾਨ।

ਮੁੜਕੇ ਆਈ ਫੇਰ ਨਾ ਧੁੰਦ 'ਚ ਲਿਪਟੀ ਰੁੱਤ,
ਬਣਦੇ-ਬਣਦੇ ਬਣ ਗਏ ਧੁੱਪਾਂ ਦੀ ਪਹਿਚਾਨ।

ਸੁਪਨੇ ਤੜਕੇ ਸਾਰ ਦੇ ਟੁੱਟੇ ਏਸ ਤਰ੍ਹਾਂ,
ਜਿਉਂ ਬੇ-ਸ਼ਗਨੇ ਟੁੱਟਦੇ ਤਾਰੇ ਵਿਚ ਅਸਮਾਨ।

ਅਪਣੀ ਰੂਹ ਨੂੰ ਪਿੰਜ ਕੇ ਕਰ ਬੈਠੇ ਹਾਂ ਰੂੰ,
ਨਿੱਘ ਰਹੇ ਹੁਣ ਮਾਣਦਾ ਅਪਣਾ ਹਿੰਦੋਸਤਾਨ।







ਮੋਗੇ ਵਿਚ ਵੀ ਪੁੱਛਦੇ ਇਹ ਰਾਜਿੰਦਰ ਕੌਣ?
ਦੱਸ ਕੀ ਤੇਰੀ ਪੁੱਛ ਹੈ ਕੀ ਤੇਰੀ ਪਹਿਚਾਨ।

ਯਾਦਾਂ ਦਾ ਤੰਦੂਰ ਜਦ ਤਪ ਕੇ ਹੋਇਆ ਲਾਲ,
ਸੇਕੇ ਸਾਰੀ ਰਾਤ ਹੀ ਠਰ ਚੁੱਕੇ ਅਰਮਾਨ।

ਲੱਖ ''ਪਰਦੇਸੀ'' ਆਪਣੀ ਵਾਟ ਲੁਕਾ ਕੇ ਰੱਖ,
ਰਾਹ ਅਠਤਾਲੀ ਮੀਲ ਦਾ ਚਿਹਰਾ ਕਰੂ ਬਿਆਨ।

# ਮੈਨਾ ਦੀ ਪ੍ਰੀਤ ਜੇਹਾ

ਮੈਨਾ ਦੀ ਪ੍ਰੀਤ ਜੇਹਾ ਤੋਤੇ ਦੇ ਪਿਆਰ ਵਰਗਾ।
ਸਾਡਾ ਤਾਂ ਹੈ ਉਲਾਂਭਾ ਮਹਿਕਾਂ ਦੇ ਭਾਰ ਵਰਗਾ।

ਮੋਤੀ ਉਹ ਜਿਸ ਨੂੰ ਪੱਥਰ ਕਹਿ ਕੇ ਤੂੰ ਤੋੜ ਦਿੱਤਾ,
ਹੰਝੂ ਦੀ ਜੂਨ ਭੋਗੇ ਹੀਰੇ ਦੀ ਧਾਰ ਵਰਗਾ।

ਨਗ਼ਮੇ ਤੂੰ ਮੇਰੇ ਅਪਣੇ ਹੋਠਾਂ 'ਚੋਂ ਕੇਰ ਕੇਰਾਂ,
ਹੋ ਜਾਇਗਾ ਇਹ ਤੇਰਾ ਜੀਵਨ ਸਿਤਾਰ ਵਰਗਾ।

ਐਵੇਂ ਤੂੰ ਪੰਛੀਆਂ ਤੇ ਬੰਦਿਸ਼ ਲਗਾ ਨਾ ਦੇਵੀਂ,
ਹਓਕਾ ਇਨ੍ਹਾਂ ਦਾ ਇਕ-ਇਕ ਹੁੰਦੈ ਕਟਾਰ ਵਰਗਾ।

ਹਰ ਆਦਮੀ ਨੇ ਸਿਰ ਤੇ ਖ਼ਬਰਾਂ ਦੀ ਪੰਡ ਚੁੱਕੀ,
ਹਰ ਸਖ਼ਸ਼ ਜਾਪਦਾ ਹੈ ਨਾਮਾ-ਨਿਗਾਰ ਵਰਗਾ।

ਏਨਾ ਰੁਆ ਨਾ ਸਾਨੂੰ ਹੜ੍ਹ ਜਾਇਗਾ ਚਮਨ ਇਹ,
ਹੜ੍ਹ ਦੀਦਿਆਂ 'ਚ ਸਾਡੇ ਰਾਵੀ ਦੀ ਮਾਰ ਵਰਗਾ।

"ਪਰਦੇਸੀ" ਉਮਰ ਸਾਰੀ ਲਿਖ-ਲਿਖ ਕੇ ਗਾਲ ਦਿੱਤੀ,
ਪਰ ਕੁਝ ਵੀ ਲਿਖ ਨਾ ਸਕਿਆ "ਚੰਡੀ ਦੀ ਵਾਰ" ਵਰਗਾ।



# ਨਗ਼ਮਾ ਸੁਨਾਉਣ ਚੱਲੇ

ਅੱਜ ਫੇਰ ਜਜ਼ਬਿਆਂ ਨੂੰ ਸੂਲੀ ਚੜ੍ਹਾਉਣ ਚੱਲੇ।
ਉਸ ਦੀ ਸਭਾ 'ਚ ਅਪਣਾ ਨਗ਼ਮਾ ਸੁਣਾਉਣ ਚੱਲੇ।

ਮਾਸੂਮ ਹਾਸਿਆਂ ਨੂੰ ਲੈ ਜਾਏ ਜੋ ਉੜਾ ਕੇ,
ਯਾ ਰੱਬ ਕਿਸੇ ਨਗਰ ਵੀ ਐਸੀ ਨਾ ਪੌਣ ਚੱਲੇ।

ਹੱਥੀਂ ਕਟਾਰ ਫੜ ਕੇ, ਨੈਣੀਂ ਅੰਗਾਰ ਭਰ ਕੇ,
ਦਿਲਬਰ ਨੂੰ ਕਿਸ ਤਰ੍ਹਾਂ ਇਹ ਦਿਲਬਰ ਮਨਾਉਣ ਚੱਲੇ।

ਉਸ ਦੇ ਗਿਰਾਂ ਦੇ ਰਸਤੇ ਚਲਦੇ ਹਾਂ ਜਦ ਵੀ ਆਪਾਂ,
ਇਉਂ ਜਾਪਦਾ ਹੈ ਜੀਕਣ ਗੰਗਾ ਨਹਾਉਣ ਚੱਲੇ।

ਥੋਰ੍ਹਾਂ ਚੋਂ ਫੁੱਲ ਬਣ ਕੇ ਫੁੱਟਣ ਦੀ ਲਾਲਸਾ ਹੈ,
ਐਵੇਂ ਨਹੀਂ ਤਾਂ ਇਹਨਾਂ ਕੰਡਿਆਂ ਤੇ ਕੌਣ ਚੱਲੇ।

ਮਾਸੂਮ ਨਗ਼ਮੇ ਉਸ ਨੇ ਜਿੱਥੇ ਜਿਬ੍ਹਾ ਸੀ ਕੀਤੇ,
"ਪਰਦੇਸੀ" ਹੋਰੀਂ ਉੱਥੇ ਮੰਦਿਰ ਬਣਾਉਣ ਚੱਲੇ।



# ਨਜ਼ਰ ਦਾ ਵਾਸਤਾ ਤੈਨੂੰ

ਤੂੰ ਰਖ ਖਾਮੋਸ਼ ਨਜ਼ਰਾਂ ਨੂੰ ਨਜ਼ਰ ਦਾ ਵਾਸਤਾ ਤੈਨੂੰ।
ਨਹੀਂ ਕੁਝ ਪੁੱਛਣਾ ਤੈਨੂੰ ਨਹੀਂ ਕੁਝ ਦੱਸਣਾ ਤੈਨੂੰ।

ਸਰ੍ਹੋਂ ਦੇ ਫੁਲ ਜਦੋਂ ਮਹਿਕਣ ਉਦੋਂ ਨਾ ਖ਼ੇਤ ਨੂੰ ਜਾਵੀਂ
ਬਸੰਤੀ ਰੰਗ ਜਦ ਚੜਨੈ ਨਹੀਂ ਕੁਝ ਔੜਨਾ ਤੈਨੂੰ।

ਹੈ ਖੁਸ਼ਬੂ ਓਪਰੀ ਜਿੱਥੇ ਨਾ ਫੁੱਲ ਵੀ ਆਪਣੇ ਲੱਗਣ
ਵਿਖਾਈ ਦੇਣ ਕਿੰਜ ਓਥੇ ਨਸ਼ੇ ਵਿਚ ਤਿਤਲੀਆਂ ਤੈਨੂੰ।

ਇਹ ਟੁਕੜੇ ਗਿਣ ਨਹੀਂ ਹੁੰਦੇ ਇਹ ਟੁਕੜੇ ਚਿਣ ਨਹੀਂ ਹੁੰਦੇ,
ਕੀ ਆਖਾਂ ਦੋਸਤਾ ਤੈਨੂੰ ਕੀ ਆਖਾਂ ਦੁਸ਼ਮਣਾ ਤੈਨੂੰ।

ਅਸਾਡੇ ਹਾਸਿਆਂ ਦੀ ਮੌਤ ਤੈਨੂੰ ਯਾਦ ਫਿਰ ਆਊ,
ਜਦੋਂ ਵੀ ਰੋਣ ਲੱਗੇ ਨੂੰ ਕਿਸੇ ਨਾ ਵਰਜਿਆ ਤੈਨੂੰ।

ਲੁਟੇਰੇ ਤੂੰ ਨਹੀਂ ਵੇਖੇ ਅਜੇ ਗੱਲਾਂ ਹੀ ਸੁਣੀਆਂ ਨੇ,
ਨਾ ਸੌਂਵੇਂਗਾ ਨਾ ਜਾਗੇਂਗਾ ਕਿਸੇ ਜਦ ਲੁੱਟਿਆ ਤੈਨੂੰ।







ਅਜੇ ਤਾਂ ਹਲੁਟ ਗਰਮਾਈ ਫਿਰੇ ਤੈਨੂੰ ਹਕੂਮਤ ਦਾ,
ਜਦੋਂ ਹੈ ਬੂੜੀਆ ਫਸਣਾ ਉਦੋਂ ਲਗਣੈ ਪਤਾ ਤੈਨੂੰ।

ਉਦੋਂ ਅਹਿਸਾਸ ਹੋਵੇਗਾ ਉਦੋਂ ਹੀ ਘਰ ਨੂੰ ਪਰਤੇਂਗਾ,
ਜਦੋਂ ਦਰ ਤੇ ਖਲੋਤੇ ਨੂੰ ਕਿਸੇ ਧਿਤਕਾਰਿਆ ਤੈਨੂੰ।

ਤੂੰ ਧੁਖਦੇ ਰਹਿਣ ਖ਼ਾਤਿਰ ਸੀ ਕਮਾਇਆ ਇਸ਼ਕ "ਪਰਦੇਸੀ"
ਸਮੁੰਦਰ ਟਪ ਗਈ ਅਗਨੀ ਪਿਆ ਜਦ ਮੱਚਣਾ ਤੈਨੂੰ।

# ਗਿਰਾਂ ਵੀ ਤੇਰੇ ਨੇ

ਸ਼ਹਿਰ ਤੇਰੇ ਗਿਰਾਂ ਵੀ ਤੇਰੇ ਨੇ।
ਤਾਂ ਹੀ ਜੰਗਲ 'ਚ ਅਪਣੇ ਡੇਰੇ ਨੇ।

ਰਾਤੇ ਤੂੰ ਕਿਉਂ ਤਸੀਹੇ ਦੇਨੀਂ ਏਂ,
ਦੁੱਖ ਦੇਣੇ ਨੂੰ ਦਿਨ ਬਥੇਰੇ ਨੇ।

ਚਾਨਣੀ ਜਦ ਗਵਾ ਲਈ ਆਪਾਂ,
ਫਿਰ ਤਾਂ ਲੁੱਟਣਾ ਹੀ ਸੀ ਹਨ੍ਹੇਰੇ ਨੇ।

ਫੇਰ ਪਾਣੀ 'ਚ ਨਕਸ਼ ਨੇ ਕਿਸ ਦੇ,
ਜੋ ਨਾ ਤੇਰੇ ਤੇ ਨਾ ਹੀ ਮੇਰੇ ਨੇ।

ਸਾਡੇ ਉੱਤੇ ਅਸਰ ਨਹੀਂ ਹੋਣਾ,
ਐਵੇਂ ਰੰਗਾਂ ਨੇ ਪਾਏ ਘੇਰੇ ਨੇ।







ਮੌਤ ਅਪਣੀ ਤੇ ਵੀ ਨਹੀਂ ਰੋਏ,
ਵੇਖ ਸਾਡੇ ਵੀ ਕੇਡੇ ਜੇਰੇ ਨੇ।

ਚਿਹਰੇ ਉਤਰੇ ਤੇ ਹਉਕੇ ਹੋਠਾਂ ਤੇ,
ਇਹ ਜੋ ਨਗ਼ਮੇ ਉਦਾਸ ਮੇਰੇ ਨੇ।

ਕੀ ਖ਼ਬਰ ਕਦ ਹਵਾ 'ਚ ਉੜ ਜਾਈਏ,
ਮਹਿਕਾਂ ਵਰਗੇ ਅਸਾਂ ਦੇ ਫੇਰੇ ਨੇ।

ਕੀਤੈ ਕੀ ਹੀ ਸਫ਼ਰ ਤੂੰ "ਪਰਦੇਸੀ"
ਹਾਲੇ ਪੈਂਡੇ ਬੜੇ ਲੰਮੇਰੇ ਨੇ।

## ਵਾ-ਵਰੋਲੇ

ਵਾ-ਵਰੋਲੇ ਜੇ ਗਲ ਲਾਉਗੇ।
ਧੂੜ ਬਣ ਕੇ ਹੀ ਉੜ ਜਾਉਗੇ।

ਕੀ ਖ਼ਬਰ ਸੀ ਕਿ ਬਾਗੀਂ ਤੁਸੀਂ,
ਜਾ ਕੇ ਮਹਿਕਾਂ 'ਚ ਘਿਰ ਜਾਂਉਗੇ।

ਸ਼ੋਖ ਰੰਗਾਂ ਦੀ ਬਸਤੀ 'ਚ ਇਉਂ,
ਦਿਲ ਕਦੋਂ ਤੀਕ ਭਰਮਾਉਗੇ।

ਨੀਂਦ ਫਿਰ ਵੀ ਨਹੀਂ ਆਏਗੀ,
ਬਣ ਕੇ ਬਿਸਤਰ ਜੇ ਵਿਛ ਜਾਉਗੇ।

ਇਸ ਹਨ੍ਹੇਰੇ 'ਚ ਕਦ ਤਕ ਤੁਸੀਂ,
ਹਉਕੇ ਚਾਨਣ ਦੇ ਦਫ਼ਨਾਉਗੇ।

ਅੱਜ ਜੋ ਹੱਸ-ਹੱਸ ਕੇ ਗਾਇਆ ਅਸੀਂ,
ਗੀਤ ਰੋ ਰੋ ਕੇ ਕਲ੍ਹ ਗਾਉਗੇ।

ਭੀੜ'ਪਰਦੇਸੀ' ਜਦ ਵੀ ਬਣੀ,
ਫੇਰ ਅਪਣੇ ਗਿਰਾਂ ਆਉਗੇ।



## ਲੁਕ ਗਈ ਦੀਵਿਆ ਰੌਸ਼ਨੀ

ਲੁਕ ਗਈ ਦੀਵਿਆ ਰੌਸ਼ਨੀ।
ਇਹ ਹੈ ਦੁਨੀਆਂ ਦੀ ਜਾਦੂਗਰੀ।

ਰੋੜ ਕੇ ਤੈਨੂੰ ਲੈ ਜਾਇਗੀ,
ਸੁਪਨਿਆਂ ਦੀ ਨਦੀ ਸ਼ੂਕਦੀ।

ਜ਼ਖਮ ਦਿੱਤੇ ਨੇ ਤੜਪਾਈ ਜਾਨ,
ਚਾਨਣੀ ਦੀ ਮੁਹੱਬਤ ਹੈ ਕੀ।

ਇਹ ਭੁਲੇਖਾ ਜਿਹਾ ਰਹਿਣ ਦੇ,
ਹੈ ਦੁਹਾਂ ਦੀ ਸੁਖੀ ਜ਼ਿੰਦਗੀ।

ਇਹ ਬਦਲ ਜਾਊ ਮੌਸਮ ਦੇ ਨਾਲ,
ਇਸ ਹਵਾ ਦੀ ਵੀ ਕੀ ਦੋਸਤੀ।

ਬਸ ਕਰੋ ਬੂਹੇ ਖੜਕਾਉ ਨਾ,
ਇਸ ਘਰੇ ਕੋਈ ਰਹਿੰਦਾ ਨਹੀਂ।

ਭਾਲ 'ਪਰਦੇਸੀ' ਦੀ ਨਾ ਕਰੋ,
ਕਰ ਲਈ ਓਸ ਨੇ ਖ਼ੁਦਕੁਸ਼ੀ।



# ਜ਼ਿੰਦਗੀ

ਗੀਤ ਕਵਿਤਾ ਕਹਾਣੀ ਜਹੀ ਜ਼ਿੰਦਗੀ।
ਸੁਪਨਿਆਂ ਵਿਚ ਇਹ ਮਾਣੀ ਜਹੀ ਜ਼ਿੰਦਗੀ।

ਜੋ ਵੀ ਆਇਆ ਉਹ ਬੁੱਕ ਭਰ ਕੇ ਪੀ ਤੁਰ ਗਿਆ,
ਆਪਣੀ ਵਗਦੇ ਪਾਣੀ ਜਹੀ ਜ਼ਿੰਦਗੀ।

ਹਸਦਿਆਂ ਹਸਦਿਆਂ ਨਾਲ ਹੀ ਲੈ ਗਏ,
ਚੁੱਪ ਖੜ੍ਹੀ 'ਜੀ ਭਿਆਣੀ' ਜਹੀ ਜ਼ਿੰਦਗੀ।

ਰਾਜਿਆਂ ਨੂੰ ਬਿਠਾ ਕੇ ਕਹੋ ਪ੍ਰੇਮ ਨਾਲ,
ਨਾ ਲੁਟਾਓ ਇਹ ਰਾਣੀ ਜਹੀ ਜ਼ਿੰਦਗੀ।

ਆਪਣੇ ਆਪ ਨੂੰ ਵੇਖ ਕੇ ਸੋਚਦਾਂ,
ਇਹ ਹੈ ਜਾਣੀ ਪਛਾਣੀ ਜਹੀ ਜ਼ਿੰਦਗੀ।

ਫੁੱਲ ਕਲੀਆਂ ਤੇ ਰੁੱਖਾਂ ਤੇ ਆਈ ਬਹਾਰ,
ਆਪਣੀ ਉਹ ਪੁਰਾਣੀ ਜਹੀ ਜ਼ਿੰਦਗੀ।

ਕਤਲ "ਪਰਦੇਸੀ" ਹੋਣੀ ਹੀ ਸੀ ਹੋ ਗਈ,
ਜਜ਼ਬਿਆਂ ਦੀ ਨਿਮਾਣੀ ਜਹੀ ਜ਼ਿੰਦਗੀ।





# ਚਿੜੀਆਂ

ਰੁੱਖਾਂ ਤੋਂ ਜਦ ਵੀ ਰਾਤੀਂ ਜ਼ਾਲਿਮ ਉਡਾਣ ਚਿੜੀਆਂ।
ਖੰਭਾਂ 'ਚ ਲੈ ਕੇ ਚੁੰਝਾਂ ਹੰਝੂ ਵਹਾਣ ਚਿੜੀਆਂ।

ਸਾਨੂੰ ਇਹ ਹੁਕਮ ਤੇਰਾ ਹਰਗਿਜ਼ ਨਹੀਂ ਹੈ ਭਉਂਦਾ,
ਸੱਪਾਂ ਨੂੰ ਵੇਖ ਕੇ ਵੀ ਰੌਲਾ ਨਾ ਪਾਣ ਚਿੜੀਆਂ।

ਜਿੰਨਾਂ ਦੇ ਆਲ੍ਹਣੇ ਤੂੰ ਰੁੱਖਾਂ ਸਮੇਤ ਸਾੜੇ,
ਹੁਣ ਸੋਚਦਾ ਏਂ ਏਥੇ ਮੁੜ ਕੇ ਉਹ ਆਣ ਚਿੜੀਆਂ।

ਚਿੜੀਆਂ ਨੇ ਬਾਜ਼ ਤੋੜੇ, ਤੁੜਵਾਉਣ ਵਾਲਾ ਜਾਣੇ,
ਆਪਾਂ ਤੇ ਵੇਖਿਆ ਹੈ ਪਾਸੇ ਭੰਨਾਣ ਚਿੜੀਆਂ।

ਇਲਜ਼ਾਮ ਲਾ ਰਿਹਾ ਏਂ ਚਿੜੀਆਂ ਤੇ ਬੇ-ਰੁਖੀ ਦਾ,
ਕਿੰਜ ਮਰਸੀਏ ਦੀ ਰੁੱਤੇ ਹੱਸਣ ਹਸਾਣ ਚਿੜੀਆਂ।

ਚੋਗੇ ਲਈ ਦਿਨੇ ਉਹ ਚਾਹਤ ਦਬਾਉਣ ਅਪਣੀ,
ਰਾਤੀਂ ਇਹ ਸੁਪਨਿਆਂ ਦੇ ਸਦਮੇਂ ਹੰਢਾਣ ਚਿੜੀਆਂ।

"ਪਰਦੇਸੀ" ਸ਼ਿਕਰਿਆਂ ਤੋਂ ਰਹਿਮਤ ਦੀ ਆਸ ਰੱਖਣ,
ਕਿੰਨੀਆਂ ਇਹ ਭੋਲੀਆਂ ਨੇ ਕਿੰਨੀਆਂ ਨਜਾਣ ਚਿੜੀਆਂ।



# ਤਾਕੀਦ ਹੈ

ਦਿਲ ਨਾ ਛੋਟਾ ਕਰ ਕੇ ਜਾਈਂ, ਇਹ ਮੇਰੀ ਤਾਕੀਦ ਹੈ।
ਸ਼ੀਸ਼ਿਆਂ ਤੇ ਤਰਸ ਖਾਈ, ਇਹ ਮੇਰੀ ਤਾਕੀਦ ਹੈ।

ਇਹਨਾਂ ਤਲੀਆਂ ਤੇ ਚੁਗਣ ਦੀ ਰੀਝ ਹੈ ਇਸ ਚੁੰਝ ਦੀ,
ਰੀਝ ਤੂੰ ਇਸ ਦੀ ਪੁਗਾਈਂ, ਇਹ ਮੇਰੀ ਤਾਕੀਦ ਹੈ।

ਜੇ ਕਦੇ ਮਾਯੂਸ ਹੋ ਕੇ ਰੋਣ ਨੂੰ ਦਿਲ ਕਰ ਪਵੇ,
ਓਸ ਦਿਨ ਸੁਰਮਾ ਨਾ ਪਾਈਂ, ਇਹ ਮੇਰੀ ਤਾਕੀਦ ਹੈ।

ਹਿਜਰ ਦੇ ਸਾਲਾਂ ਦਾ ਜਦ ਵੀ ਲਾਉਣ ਲੱਗੇਂ ਤੂੰ ਹਿਸਾਬ,
ਜ਼ਰਬ ਦੇਣੀ ਭੁੱਲ ਜਾਈਂ, ਇਹ ਮੇਰੀ ਤਾਕੀਦ ਹੈ।

ਡੁੱਬਦੇ ਸੂਰਜ ਨੂੰ ਤੱਕ ਕੇ ਨਾ ਕਰੀਂ ਮਨ ਨੂੰ ਉਦਾਸ,
ਚੜ੍ਹਦੇ ਵਲ ਨੂੰ ਝਾਤ ਪਾਈਂ, ਇਹ ਮੇਰੀ ਤਾਕੀਦ ਹੈ।

ਤਾਨ੍ਹਿਆਂ ਤੇ ਮਿਹਣਿਆਂ ਦੇ ਮਿਲਣਗੇ ਜਦ ਪੁਰਸਕਾਰ,
ਇਸ ਤਰ੍ਹਾਂ ਹੀ ਮੁਸਕਰਾਈਂ, ਇਹ ਮੇਰੀ ਤਾਕੀਦ ਹੈ।







ਜ਼ਿੰਦਗੀ ਵਿਚ ਜ਼ਲਜ਼ਲੇ ਆਉਂਦੇ ਤੇ ਜਾਦੇ ਰਹਿਣਗੇ,
ਜ਼ਲਜ਼ਲਾ ਹੀ ਬਣ ਨਾ ਜਾਈਂ, ਇਹ ਮੇਰੀ ਤਾਕੀਦ ਹੈ।

ਜਿਸ ਦੇ ਗਾਇਆਂ ਜ਼ਿੰਦਗੀ ਦਾ ਸਾਜ਼ ਲਰਜਣ ਲੱਗ ਪਵੇ,
ਗੀਤ ਏਦਾਂ ਦਾ ਨਾ ਗਾਈਂ ਇਹ ਮੇਰੀ ਤਾਕੀਦ ਹੈ।

ਸੁਪਨਿਆਂ ਦੇ ਜਮਘਟੇ 'ਚੋਂ ਜੋ ਕਦੀ ਨਾ ਭੁੱਲ ਸਕੇ,
ਇੰਜ ਦਾ ਸੁਪਨਾ ਹੋ ਜਾਈਂ, ਇਹ ਮੇਰੀ ਤਾਕੀਦ ਹੈ।

ਪੰਛੀਆਂ ਦੇ ਰੋਣ ਦੀ ਤੇ ਗੌਣ ਦੀ ਕਰਕੇ ਪਛਾਣ,
ਫਿਰ ਚਮਨ ਵਿਚ ਮੁਸਕਰਾਈਂ, ਇਹ ਮੇਰੀ ਤਾਕੀਦ ਹੈ।

ਸ਼ਹਿਰ "ਪਰਦੇਸੀ" ਦੇ ਵੱਲ ਨੂੰ ਸੁਣ ਹਵਾਏ ਜਾਂਦੀਏ,
ਜਾਂਦਿਆਂ ਹੀ ਪਰਤ ਆਈਂ, ਇਹ ਮੇਰੀ ਤਾਕੀਦ ਹੈ।

# ਸ਼ਾਇਰ

ਜਿੜ੍ਹੇ ਵੀ ਸੱਚ ਆਖਣ ਤੋਂ ਕਿਨਾਰਾ ਕਰਨਗੇ ਸ਼ਾਇਰ।
ਸਮੇਂ ਦੇ ਹਾਕਿਮਾਂ ਤੋਂ ਝੋਲੀਆਂ ਉਹ ਭਰਨਗੇ ਸ਼ਾਇਰ।

ਕਲਮ ਦੇ ਸੀਸ ਨੂੰ ਜਿਹੜੇ ਤਲੀ ਤੇ ਧਰਨਗੇ ਸ਼ਾਇਰ।
ਉਹ ਸਿਰਜਣਗੇ ਅਮਰ ਨਜ਼ਮਾਂ ਕਦੀ ਨਾ ਮਰਨਗੇ ਸ਼ਾਇਰ।

ਮੁਹੱਬਤ ਦੀ ਗ਼ਜ਼ਲ ਪੜ੍ਹ ਪੜ੍ਹ ਵਤਨ ਦੇ ਗੀਤ ਗਾ-ਗਾ ਕੇ,
ਯਕੀਨਨ ਅੰਤ ਨੂੰ ਖੂਹਾਂ 'ਚ ਡੁਬ ਕੇ ਮਰਨਗੇ ਸ਼ਾਇਰ।

ਜਦੋਂ ਅੰਗਿਆਰ ਫੜ ਲਿਖਣੀ ਪਈ ਆਤਿਸ਼ ਜਹੀ ਕਵਿਤਾ,
ਸਮੁੰਦਰ ਅਗ ਦਾ ਫਿਰ ਵਿਰਲੇ ਹੀ ਕੋਈ ਤਰਨਗੇ ਸ਼ਾਇਰ।

ਇਨ੍ਹਾਂ ਨੂੰ ਕਿਉਂ ਨਹੀਂ ਦਿਸਦੇ ਲਹੂ ਦੇ ਦਾਗ਼ ਧਰਤੀ 'ਤੇ,
ਕਦੋਂ ਤਕ ਸ਼ਾਇਰੀ ਫੁਲ-ਤਿਤਲੀਆਂ ਦੀ ਕਰਨਗੇ ਸ਼ਾਇਰ।







ਇਹ ਸ਼ਾਇਰ ਨੇ ਇਹ ਦਿੱਲੀ ਵਰਗਿਆਂ ਤਖ਼ਤਾਂ ਤੋਂ ਉੱਚੇ ਨੇ,
ਦਿਲਾਂ ਦੇ ਤਖ਼ਤ ਜਿੱਤਣਗੇ, ਹਕੂਮਤ ਹਰਨਗੇ ਸ਼ਾਇਰ।

ਖ਼ਬਰ ਕੀ ਸੀ ਕਿ ਤੇਰੀ ਸ਼ਾਇਰੀ ਪੜ੍ਹ ਕੇ ਵੀ "ਹੇ ਨਾਨਕ",
ਇਨਾਮਾਂ ਵਾਸਤੇ ਹਾਕਿਮ ਦਾ ਪਾਣੀ ਭਰਨਗੇ ਸ਼ਾਇਰ।

ਉਹ ਛਾਏ ਰਹਿਣਗੇ ਮਿਹਨਤਕਸ਼ਾਂ ਦੇ ਦਿਲ ਤੇ "ਪਰਦੇਸੀ"
ਜਿੜ੍ਹੇ ਅੰਗਿਆਰ ਬਣ ਬਣ ਕੇ ਸਿਤਮ ਤੇ ਵਰ੍ਹਨਗੇ ਸ਼ਾਇਰ।

# ਦੀਵੇ

ਬੇ-ਮੌਸਮੇ ਜਹੇ ਹੀ ਐਵੇਂ ਨਾ ਬਾਲ ਦੀਵੇ।
ਦੀਵਾਲੀਆਂ ਦੇ ਮੌਸਮ ਆਏ ਨੇ ਗਾਲ ਦੀਵੇ।

ਸਭ ਕੁਝ ਹਨੇਰਿਆਂ ਚੋਂ ਭਾਲਣ ਦੀ ਪਾ ਤੂੰ ਆਦਤ,
ਐਵੇਂ ਨਾ ਗਾਲ ਦੀਦੇ ਐਵੇਂ ਨਾ ਬਾਲ ਦੀਵੇ।

ਕਿਉਂ ਖੁਦਕੁਸ਼ੀ ਨਾ ਕਰਦੇ ਇਹ ਰੌਸ਼ਨੀ ਦੇ ਆਸ਼ਿਕ,
ਤੀਲ੍ਹਾਂ ਸਲਾਬ੍ਹੀਆਂ ਸੀ ਸਕੀਆਂ ਨਾ ਬਾਲ ਦੀਵੇ।

ਤੇਰੇ ਤੇ ਕੀ ਗਿਲਾ ਹੈ ਕੀ ਦੋਸ਼ ਤੇਰਾ ਸੱਜਣਾ,
ਹੁੰਦੇ ਹਨ੍ਹੇਰੀਆਂ ਵਿਚ ਮੁਸ਼ਕਿਲ ਹੀ ਬਾਲ ਦੀਵੇ।

ਮੰਨਿਆ ਕਿ ਸ਼ੌਕ ਤੇਰਾ ਦੀਵੇ ਜਗਾਉਣ ਦਾ ਹੈ,
ਇਹ ਮੋਮ ਦਾ ਹੈ ਕਮਰਾ ਏਥੇ ਨਾ ਬਾਲ ਦੀਵੇ।







ਉਹ ਦਫ਼ਨ ਹੋ ਗਿਆ ਏ ਮਜਬੂਰੀਆਂ ਦੀ ਕਬਰੀਂ,
ਦਿਲ ਨੇ ਬਨੇਰਿਆਂ ਤੇ ਮੁੜ ਘਿੜ ਨਾ ਬਾਲ ਦੀਵੇ।

ਇਨਸਾਫ਼ ਦੇ ਤਰਾਜ਼ੂ ਪਾਈ ਹਨੇਰ ਗਰਦੀ,
ਰੌਸ਼ਨ ਤੂੰ ਕਰ ਇਹ ਮੰਦਰ ਏਥੇ ਵੀ ਬਾਲ ਦੀਵੇ।

ਇਸ ਨੂੰ ਤਾਂ ਸਾੜਿਆ ਹੈ ਇਹਨਾਂ ਹੀ ਦੀਵਿਆਂ ਨੇ,
''ਪਰਦੇਸੀ'' ਦੇ ਸਰ੍ਹਾਣੇ ਝੱਲੀਏ ਨਾ ਬਾਲ ਦੀਵੇ।

## ਭੌਣ ਨਿਕਲੇ

ਸੋਚਾਂ ਤੋਂ ਆਪਣਾ ਜਦ ਖਹਿੜਾ ਛੁਡਾਉਣ ਨਿਕਲੇ।
ਇਸ ਸਿਰ 'ਚੋਂ ਕੀੜਿਆਂ ਦੇ ਕਿੰਨੇ ਹੀ ਭੌਣ ਨਿਕਲੇ।

ਜਿਸ ਥਲ 'ਚ ਸੱਸੀਆਂ ਦੇ ਪੂਰਾਂ ਦੇ ਪੂਰ ਭੁੱਜੇ,
ਮੋਰਾਂ ਨੂੰ ਓਸ ਥਲ ਵਿਚ ਪੁੰਨੂ ਨਚਾਉਣ ਨਿਕਲੇ।

ਸਰੂਵਾਂ ਦੇ ਫੁੱਲ ਮਹਿਕੇ 'ਚਾ ਤਿਤਲੀਆਂ ਨੂੰ ਚੜ੍ਹਿਆ,
ਖੰਭ ਤਿਤਲੀਆਂ ਦੇ ਨਿਕਲੇ ਸਾਨੂੰ ਸਤਾਉਣ ਨਿਕਲੇ।

ਆਲਮ ਉਡੀਕ ਦਾ ਵੀ ਕਿੰਨਾ ਅਜੀਬ ਹੁੰਦੈ,
ਕੁੰਡਾ ਗਵਾਂਢ ਖੜਕੇ ਝਟ ਮੂੰਹ 'ਚੋਂ ਕੌਣ ਨਿਕਲੇ।

ਨਸ਼ਿਆਂ ਦਾ ਵੇਗ ਵੇਖੋ ਕੁਰਸੀ ਦਾ ਮਾਣ ਵੇਖੋ,
ਪਰਛਾਵਿਆਂ ਤੇ ਹਾਕਿਮ ਪਹਿਰੇ ਲਗਾਉਣ ਨਿਕਲੇ।

ਅੱਜ ਬਾਂਸੁਰੀ 'ਚੋਂ ਕਾਨ੍ਹਾ ਕਿੱਦਾਂ ਦੀ ਹੂਕ ਨਿਕਲੀ,
ਕਿਉਂ ਰਾਧਿਕਾ ਦੇ ਗਲ ਚੋਂ ਏਦਾਂ ਦੇ ਗੌਣ ਨਿਕਲੇ।

"ਪਰਦੇਸੀ" ਤਕ ਸ਼ਰਾਰਤ ਬੇ-ਮੌਸਮੀ ਹਵਾ ਦੀ,
ਦੀਵੇ ਨੇ ਇਸ ਨਗਰ ਦੇ ਭਾਂਬੜ ਮਚਾਉਣ ਨਿਕਲੇ।